ਪੰਜਾਬ ਦਾ ਮਾਣ : ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਅੱਠ ਕੈਡਿਟ ਐਨਡੀਏ ਤੋਂ ਗ੍ਰੈਜੂਏਟ ਹੋਏ

ਅਮਨ ਅਰੋੜਾ ਨੇ ਕੈਡਿਟਾਂ ਨੂੰ ਵਧਾਈ ਤੇ ਦੇਸ਼ ਸੇਵਾ ਵਿਚ ਸੁਨਿਹਰੀ ਭਵਿੱਖ ਲਈ ਦਿਤੀਆਂ ਸ਼ੁਭਕਾਮਨਾਵਾਂ

ਐਸ.ਏ.ਐਸ. ਨਗਰ, 30 ਮਈ (ਸਤਵਿੰਦਰ ਸਿੰਘ ਧੜਾਕ) : ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸਏਐਸ ਨਗਰ ਦੇ ਅੱਠ ਕੈਡਿਟ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਖੜਕਵਾਸਲਾ (ਪੁਣੇ) ਤੋਂ ਗ੍ਰੈਜੂਏਟ ਹੋਏ ਹਨ। ਇਨ੍ਹਾਂ ਕੈਡਿਟਾਂ ਨੇ 148ਵੇਂ ਐਨਡੀਏ ਕੋਰਸ ਦੀ ਪਾਸਿੰਗ ਆਊਟ ਪਰੇਡ ਵਿਚ ਹਿੱਸਾ ਲਿਆ, ਜਿਸ ਦਾ ਨਿਰੀਖਣ ਪੀਵੀਐਸਐਮ, ਏਵੀਐਸਐਮ, ਵਾਈਐਸਐਮ, ਏਡੀਸੀ (ਸੇਵਾਮੁਕਤ), ਮਿਜ਼ੋਰਮ ਦੇ ਰਾਜਪਾਲ ਅਤੇ ਸਾਬਕਾ ਫ਼ੌਜ ਮੁਖੀ ਜਨਰਲ ਵੀਕੇ ਸਿੰਘ ਵਲੋਂ ਕੀਤਾ ਗਿਆ।

ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਨ੍ਹਾਂ ਅੱਠ ਕੈਡਿਟਾਂ- ਹੁਸ਼ਿਆਰਪੁਰ ਤੋਂ ਪਰਮਜੋਤ ਸਿੰਘ ਤੇ ਅਨੀਕੇਤ ਕਾਹੋਲ, ਸੰਗਰੂਰ ਤੋਂ ਅਰਪਿਤ ਪਰਾਸ਼ਰ, ਐਸਏਐਸ ਨਗਰ ਤੋਂ ਅਭੈ ਸਿੰਘ ਰਾਘਵ ਅਤੇ ਵਿਸ਼ੇਸ਼ ਸੂਦ, ਰੋਪੜ ਤੋਂ ਉਧੀਬੀਰ ਸਿੰਘ ਅਤੇ ਪਠਾਨਕੋਟ ਤੋਂ ਅਨੁਰਾਗ ਚੌਹਾਨ ਅਤੇ ਤਨਮਯ ਸ਼ਰਮਾ- ਨੇ ਐਨਡੀਏ ਵਿਖੇ ਤਿੰਨ ਸਾਲਾਂ ਦੀ ਸਿਖਲਾਈ ਸਫ਼ਲਤਾਪੂਰਵਕ ਪੂਰੀ ਕਰ ਲਈ ਹੈ ਅਤੇ ਹੁਣ ਉਹ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫ਼ਸਰ ਬਣਨ ਤੋਂ ਪਹਿਲਾਂ ਇਕ ਸਾਲ ਦੀ ਸਿਖਲਾਈ ਲਈ ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿਚ ਜਾਣਗੇ।

ਸ੍ਰੀ ਅਮਨ ਅਰੋੜਾ ਨੇ ਪਾਸ ਆਊਟ ਹੋਏ ਨੌਜਵਾਨਾਂ ਨੂੰ ਜ਼ਿੰਦਗੀ ਵਿਚ ਨਵੀਆਂ ਬੁਲੰਦੀਆਂ ਛੂਹਣ ਅਤੇ ਸੂਬੇ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫ਼ਸਰ ਬਣਨ ਦੇ ਚਾਹਵਾਨ ਨੌਜਵਾਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ ਵਚਨਬੱਧਤਾ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਵੱਲੋਂ ਦਿਤੇ ਜਾ ਰਹੇ ਸ਼ਾਨਦਾਰ ਨਤੀਜਿਆਂ 'ਤੇ ਖ਼ੁਸ਼ੀ 'ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਇਸ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ, ਵੀਐਸਐਮ (ਸੇਵਾਮੁਕਤ) ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ 28 ਹੋਰ ਕੈਡਿਟ ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿਚ ਜੁਆਇਨ ਕਰਨ ਲਈ ਅਪਣੇ ਕਾਲ-ਅੱਪ ਲੈਟਰ ਉਡੀਕ ਰਹੇ ਹਨ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਪ੍ਰੈਪਰੇਟਰੀ ਇੰਸਟੀਚਿਊਟ ਦੇ ਤਿੰਨ ਕੈਡਿਟ ਇਸ ਸਮੇਂ ਐਨਡੀਏ, ਖੜਕਵਾਸਲਾ ਵਿਖੇ ਇੰਸਟਰੱਕਟਰ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀਆਂ ਇਹ ਪ੍ਰਾਪਤੀਆਂ ਇਸ ਸੰਸਥਾ ਅਤੇ ਪੰਜਾਬ ਲਈ ਬੇਹੱਦ ਮਾਣ ਵਾਲੀ ਗੱਲ ਹੈ।

ਹਰਿਆਣਾ ਸਕੱਤਰੇਤ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

ਚੰਡੀਗੜ੍ਹ, 30 ਮਈ (ਨਵਿੰਦਰ ਸਿੰਘ ਬੜਿੰਗ) : ਹਰਿਆਣਾ ਸਕੱਤਰੇਤ ਨੂੰ ਅੱਜ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਮਗਰੋਂ ਸੁਰੱਖਿਆ ਦਸਤੇ ਇਕਦਮ ਚੌਕਸ ਹੋ ਗਏ। 9 ਮੰਜ਼ਿਲਾ ਇਮਾਰਤ ਨੂੰ ਤੁਰੰਤ ਖਾਲੀ ਕਰਵਾਇਆ ਗਿਆ ਤੇ ਈ ਮੇਲ 'ਤੇ ਧਮਕੀ ਮਿਲਣ ਤੋਂ ਬਾਅਦ ਐਮਰਜੈਂਸੀ ਪ੍ਰੋਟੋਕੋਲ ਲਾਗੂ ਕਰ ਦਿੱਤੇ ਗਏ। ਚੰਡੀਗੜ੍ਹ ਪੁਲਿਸ, ਸੀ ਆਈ ਐਸ ਐਫ ਅਤੇ ਸੀ ਆਈ ਡੀ ਦੇ ਮੁਲਾਜ਼ਮ ਤੁਰੰਤ ਹਰਕਤ ਵਿਚ ਆਏ ਅਤੇ ਮੌਕੇ 'ਦੇ ਇਹਤਿਆਤ ਵਜੋਂ ਬੰਬ ਨਕਾਰਾ ਕਰਨ ਵਾਸਤੇ ਦਸਤੇ ਵੀ ਸੱਦ ਲਏ ਗਏ। ਕੁਝ ਦਿਨ ਪਹਿਲਾਂ ਇਸੇ ਤਰ੍ਹਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਇਹ ਦੋਵੇਂ ਇਮਾਰਤਾਂ ਉੱਚ ਸੁਰੱਖਿਆ ਵਾਲੀਆਂ ਇਮਾਰਤਾਂ ਹਨ। ਦੋਵੇਂ ਇੱਕ ਹੀ ਸੈਕਟਰ ਵਿੱਚ ਮੌਜੂਦ ਹਨ। ਹਰਿਆਣਾ ਸਕੱਤਰੇਤ ਅਤੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਤਕਰੀਬਨ 300 ਮੀਟਰ ਦਾ ਹੀ ਫਾਸਲਾ ਹੈ।

ਇਕ ਨਜ਼ਰ...

2.68 ਕਿੱਲੋ ਹੈਰੋਇਨ ਤੇ ਡਰੱਗ ਮਨੀ ਸਣੇ ਤਿੰਨ ਕਾਬੂ

ਫ਼ਿਰੋਜ਼ਪੁਰ, 30 ਮਈ (ਪ੍ਰੇਮ ਨਾਥ ਸ਼ਰਮਾ) : ਫ਼ਿਰੋਜ਼ਪੁਰ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ ਕੁੱਲ 2 ਕਿੱਲੋ 68 ਗ੍ਰਾਮ ਹੈਰੋਇਨ, 1.30 ਲੱਖ ਡਰੱਗ ਮਨੀ ਸਮੇਤ 3 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ। ਪਹਿਲੇ ਮਾਮਲੇ 'ਚ ਪਿੰਡ ਕਮਾਲੇ ਵਾਲਾ ਨੇੜੇ ਕਾਰਵਾਈ ਕਰ ਕੇ ਰਾਜਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਉਸ ਕੋਲੋਂ 1 ਕਿੱਲੋ 102 ਗ੍ਰਾਮ ਹੈਰੋਇਨ ਬਰਾਮਦ ਹੋਈ। ਰਾਜਵਿੰਦਰ ਪਾਕਿਸਤਾਨੀ ਤਸਕਰਾਂ ਨਾਲ ਸੰਪਰਕ ਵਿਚ ਸੀ ਅਤੇ ਡਰੋਨ ਰਾਹੀਂ ਹੈਰੋਇਨ ਮੰਗਵਾਉਂਦਾ ਸੀ। ਦੂਜਾ ਮਾਮਲੇ 'ਚ ਪੁਲਿਸ ਨੇ ਪਿੰਡ ਨਿਹਾਲਾ ਕਿਲਚਾ ਨੇੜੇ ਦਾਣਾ ਮੰਡੀ ਵਿਚ ਛਾਪੇਮਾਰੀ ਕਰ ਕੇ ਹਰਪ੍ਰੀਤ ਸਿੰਘ ਉਰਫ਼ ਹੈਪੀ ਨੂੰ ਗ੍ਰਿਫ਼ਤਾਰ ਕੀਤਾ। ਉਸ ਕੋਲੋਂ 1 ਕਿੱਲੋ 62 ਗ੍ਰਾਮ ਹੈਰੋਇਨ ਅਤੇ 1,30,000 ਡਰੱਗ ਮਨੀ ਬਰਾਮਦ ਹੋਈ। ਇਸੇ ਤਰ੍ਹਾਂ ਤੀਜੇ ਮਾਮਲੇ 'ਚ ਬਾਹਰਵਾਰ ਗੋਲਾਈ ਮੋੜ ਨੇੜੇ ਇਕ ਸ਼ੱਕੀ ਵਿਅਕਤੀ ਅਨਮੋਲ ਉਰਫ਼ ਕੱਕੜੀ ਕੋਲੋਂ 4 ਗ੍ਰਾਮ ਹੈਰੋਇਨ ਮਿਲੀ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ

ਪੰਜਵੇਂ ਦਿਨ ਤਿੰਨ ਨਾਮਜ਼ਦਗੀ ਪੱਤਰ ਦਾਖ਼ਲ : ਸਿਬਿਨ ਸੀ

ਚੰਡੀਗੜ੍ਹ, 30 ਮਈ (ਡਾ.ਹਰਪ੍ਰੀਤ ਕੌਰ) : ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦੇ ਪੰਜਵੇਂ ਦਿਨ 3 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 64- ਲੁਧਿਆਣਾ ਪੱਛਮੀ ਸੀਟ ਲਈ ਅੱਜ ਆਮ ਆਦਮੀ ਪਾਰਟੀ ਤੋਂ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਅਤੇ ਸ੍ਰੀ ਕਾਵਿਆ ਅਰੋੜਾ (ਕਵਰਿੰਗ ਉਮੀਦਵਾਰ) ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇੱਕ ਆਜ਼ਾਦ ਉਮੀਦਵਾਰ ਸ੍ਰੀ ਚੰਦਨ ਵੱਲੋਂ ਨਾਮਜ਼ਦਗੀ ਭਰੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਕੁੱਲ 8 ਨਾਮਜ਼ਦਗੀ ਪੱਤਰ ਦਾਖ਼ਲ ਹੋ ਚੁੱਕੇ ਹਨ। ਜ਼ਿਕਰਯੋਗ ਹੈ ਕਿ ਭਲਕੇ 31 ਮਈ ਨੂੰ ਵੀ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਸਕਦੇ ਹਨ, ਜਦਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 2 ਜੂਨ ਹੈ। ਉੱਥੇ ਹੀ ਨਾਮਜ਼ਦਗੀ ਪੱਤਰਾਂ ਦੀ ਪੜਤਾਲ 3 ਜੂਨ ਨੂੰ ਕੀਤੀ ਜਾਵੇਗੀ।

ਭਾਰਤ ਮਾਲਾ ਪ੍ਰਾਜੈਕਟ ਲਈ ਜ਼ਮੀਨ ਦੀ ਮੰਗ ਦੇ ਮਾਮਲੇ 'ਚ ਠੱਗੀ, 4 ਵਿਰੁਧ ਮਾਮਲਾ ਦਰਜ

ਪਿੰਡ ਵਾਸੀਆਂ ਨੇ ਮੁਲਜ਼ਮਾਂ ਨੂੰ ਛੁਡਾਉਣ ਲਈ ਲਾਇਆ ਧਰਨਾ

ਰਾਮਪੁਰਾ, 30 ਮਈ (ਬੱਲੀ) : ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਰਾਜ ਵਿਖੇ ਭਾਰਤ ਮਾਲਾ ਪ੍ਰਾਜੈਕਟ ਲਈ ਜ਼ਮੀਨ ਦੇ ਅਕਵਾਇਰ ਕਰਨ ਦੇ ਮਾਮਲੇ 'ਚ ਧੋਖਾਧੜੀ ਕਰਨ ਦ ਮਾਮਲਾ ਸਾਹਮਣੇ ਆਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਤੋਂ ਬਾਅਦ 4 ਲੋਕਾਂ ਵਿਰੁਧ ਮਾਮਲਾ ਦਰਜ ਕਰ ਲਿਆ ਗਿਆ ਹੈ। ਇਥੇ ਗਰੋਹ ਨੇ ਕਿਸਾਨਾਂ ਨੂੰ ਲਾਲਚ ਦਿਤਾ ਕਿ ਉਹ ਉਨ੍ਹਾਂ ਨੂੰ ਪ੍ਰਤੀ ਏਕੜ 20 ਲੱਖ ਰੁਪਏ ਵੱਧ ਮੁਆਵਜ਼ਾ ਦਿਵਾ ਦੇਣਗੇ। ਇਸ ਲਈ ਉਨ੍ਹਾਂ ਨੂੰ ਪ੍ਰਤੀ ਏਕੜ 20 ਹਜ਼ਾਰ ਰੁਪਏ ਕਮਿਸ਼ਨ ਦੇਣਾ ਪਵੇਗਾ। ਜਦੋਂ ਇਸ ਦੀ ਸ਼ਿਕਾਇਤ ਉੱਚ ਅਧਿਕਾਰੀਆਂ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਤੁਰਤ ਕਾਰਵਾਈ ਕਰਦਿਆਂ 4 ਵਿਅਕਤੀਆਂ ਵਿਰੁਧ ਮਾਮਲਾ ਦਰਜ ਕਰ ਲਿਆ। ਜਾਣਕਾਰੀ ਅਨੁਸਾਰ ਰਣਯੋਧ ਸਿੰਘ ਪਿੰਡ ਮਹਿਰਾਜ ਤੋਂ 42000 ਰੁਪਏ ਲਏ ਗਏ ਸਨ, ਜਿਸ ਕਾਰਨ ਇਨ੍ਹਾਂ ਲੋਕਾਂ ਨੇ ਮੁੱਖ ਮੰਤਰੀ ਨੂੰ ਇਹ ਸ਼ਿਕਾਇਤ ਦਿਤੀ ਸੀ, ਜਿਸ 'ਤੇ ਬਠਿੰਡਾ ਪੁਲਿਸ ਨੇ ਸਿਟੀ ਰਾਮਪੁਰਾ 'ਚ ਚਾਰ ਲੋਕਾਂ ਵਿਰੁਧ ਮਾਮਲਾ ਦਰਜ ਕੀਤਾ ਹੈ। ਜਦੋਂ ਪੁਲਿਸ ਨੇ ਤਿੰਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਛੁਡਵਾਉਣ ਲਈ ਧਰਨਾ ਲਾ ਦਿਤਾ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਨੈਸ਼ਨਲ ਹਾਈਵੇ ਦੇ ਜ਼ਬਰੀ ਕਬਜ਼ੇ ਨੂੰ ਤੋੜਿਆ

ਪ੍ਰਸ਼ਾਸਨ ਕਿਸਾਨਾਂ ਨੂੰ ਕਰ ਰਿਹਾ ਗੁਮਰਾਹ : ਸੁਵਿੰਦਰ ਸਿੰਘ ਚੌਤਾਲਾ

ਕਾਹਨੂੰਵਾਨ/ਕਾਦੀਆਂ, 30 ਮਈ (ਹਰਜਿੰਦਰ ਸਿੰਘ ਜੱਜ, ਕੁਲਵਿੰਦਰ ਭਾਟੀਆ) : ਅੱਜ ਬਲਾਕ ਕਾਹਨੂੰਵਾਨ ਦੇ ਪਿੰਡ ਭਿੱਟੇਵੱਡ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਪੁਲਿਸ ਬਲਾਂ ਦੇ ਜ਼ੋਰ 'ਤੇ ਕੀਤੇ ਗਏ ਕਬਜ਼ੇ ਨੂੰ ਮੁੜ ਬਹਾਲ ਕੀਤਾ। ਸੂਬਾ ਆਗੂ ਸੁਖਵਿੰਦਰ ਸਿੰਘ ਚੌਤਾਲਾ ਦੀ ਅਗਵਾਈ ਦੇ ਹੇਠ ਪਿੰਡ ਭਿੱਟੇਵੱਡ ਦੇ ਗੁਰਦੁਆਰਾ ਨਾਨਕਸਰ ਵਿਚ ਹਜ਼ਾਰਾਂ ਦੀ ਗਿਣਤੀ ਦੇ ਵਿਚ ਕਿਸਾਨਾਂ-ਮਜ਼ਦੂਰਾਂ ਦਾ ਇਕੱਠ ਹੋਇਆ ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਚੌਤਾਲਾ ਨੇ ਕਿਹਾ ਕਿ ਪ੍ਰਸ਼ਾਸਨ ਦੇ ਨਾਲ ਲਗਾਤਾਰ 17 ਮੀਟਿੰਗਾਂ ਕਰਨ ਦੇ ਬਾਵਜੂਦ ਪ੍ਰਸ਼ਾਸਨ ਨੇ ਕਿਸੇ ਵੀ ਵਾਅਦੇ ਨੂੰ ਵਫ਼ਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ 6 ਮਈ ਨੂੰ ਰੇਲਵੇ ਟਰੈਕ ਦੇਵੀਦਾਸਪੁਰਾ ਵਿਖੇ ਡੀਆਈਜੀ ਬਾਰਡਰ ਰੇਂਜ ਸ੍ਰੀ ਸਤਿੰਦਰ ਜੀ ਦੇ ਨਾਲ ਹੋਈ ਮੀਟਿੰਗ ਵਿਚ ਇਹ ਗੱਲ ਤੈਅ ਹੋ ਗਈ ਸੀ ਕਿ ਕਿਸਾਨਾਂ ਦੀਆਂ ਪਟੀਸ਼ਨਾਂ ਪਾਉਣ ਤੋਂ ਬਾਅਦ ਉਨ੍ਹਾਂ ਦੇ ਵਧੇ ਹੋਏ ਮੁਆਵਜ਼ੇ ਦੇਣ ਤੋਂ ਬਾਅਦ ਹੀ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਕਬਜ਼ੇ ਲਏ ਜਾਣਗੇ।

ਸ. ਚੌਤਾਲਾ ਨੇ ਕਿਹਾ ਕਿ ਇਹ ਤੁਗਲਕੀ ਫ਼ੁਰਮਾਨ ਕਿਸਾਨ ਮਜ਼ਦੂਰ ਕਿਸੇ ਵੀ ਹੱਦ ਵਿਚ ਸਹਿਣ ਨਹੀਂ ਕਰਨਗੇ ਕਿਉਂਕਿ ਇਹ ਜ਼ਮੀਨ ਉਨ੍ਹਾਂ ਦੀ ਅਤੇ ਉਨ੍ਹਾਂ ਦੀਆਂ ਪੀੜ੍ਹੀਆਂ ਦੀ ਜੀਵਿਕਾ ਹੈ ਜਿਸ ਤੋਂ ਬਿਨਾਂ ਕਿਸਾਨੀ ਦੀ ਹੋਂਦ ਨੂੰ ਸਮਝਣਾ ਅਤਿ ਔਖੀ ਗੱਲ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਕਿਸਾਨ ਕਿਸੇ ਵੀ ਤਰ੍ਹਾਂ ਦਾ ਟਕਰਾ ਨਹੀਂ ਚਾਹੁੰਦੇ ਇਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਦਾ ਬਣਦੇ ਮੁਆਵਜ਼ੇ ਵਾਧੇ ਸਮੇਤ ਦਿਤੇ ਜਾਣ ਅਤੇ ਸਰਕਾਰ ਅਪਣੇ ਵਿਕਾਸ ਕਾਰਜ ਜਾਰੀ ਰੱਖੇ।

ਸੰਗੀਤ ਜਗਤ 'ਚ ਵੱਡਾ ਘਾਟਾ, ਨਹੀਂ ਰਹੀ ਮਸ਼ਹੂਰ ਗਾਇਕਾ ਮੋਹਣੀ ਰਸੀਲਾ

ਚੰਡੀਗੜ੍ਹ, 30 ਮਈ (ਪ.ਪ.) : ਪੰਜਾਬੀ ਲੋਕ ਗਾਇਕ ਰਸ਼ਪਾਲ ਰਸੀਲਾ ਦੀ ਹਮਸਫ਼ਰ ਤੇ ਸਟੇਜਾਂ 'ਤੇ ਲੰਬੀ ਹੇਕ ਲਾਉਣ ਵਾਲੀ ਗਾਇਕਾ ਮੋਹਣੀ ਰਸੀਲਾ ਦੇ ਹੋਏ ਦਿਹਾਂਤ ਕਾਰਨ ਸੰਗੀਤ ਜਗਤ ਤੇ ਕਲਾਕਾਰਾਂ 'ਚ ਸੋਗ ਦੀ ਲਹਿਰ ਦੌੜ ਗਈ। ਮੋਹਣੀ ਰਸੀਲਾ ਦਾ ਸਸਕਾਰ ਅੱਜ ਮਜੀਠਾ ਬਾਈਪਾਸ ਦੇ ਨਜ਼ਦੀਕ ਕੀਤਾ ਜਾਵੇਗਾ। ਮੋਹਣੀ ਰਸੀਲਾ ਦੇ ਦਿਹਾਂਤ ਨਾਲ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਅਪਣੇ ਸਮੇਂ ਦੀ ਸੱਭ ਤੋਂ ਮਸ਼ਹੂਰ ਗਾਇਕ ਜੋੜੀਆਂ ਵਿਚੋਂ ਸਨ। ਹਰ ਪੰਜਾਬੀ ਦੇ ਮੂੰਹ ਉੱਤੇ ਉਨ੍ਹਾਂ ਦੇ ਗੀਤਾਂ ਦੇ ਬੋਲ ਚੜ੍ਹੇ ਹੋਏ ਸਨ।

TATA

ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ

ਰਜਿਸਟਰਡ ਪਤਾ : 11ਵੀਂ ਮੰਜ਼ਿਲ, ਟਾਵਰ ਏ, ਪੈਨਿਨਸੁਲਾ ਬਿਜਨਸ ਪਾਰਕ, ਗਣਪਤਰਾਓ ਕਦਮ ਮਾਰਗ, ਲੋਅਰ ਪਟੇਲ, ਮੁੰਬਈ 400013
ਬ੍ਰਾਂਚ ਪਤਾ : ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ, ਐਸਸੀਓ 20, ਦੂਜੀ ਮੰਜ਼ਿਲ, ਸੈਕਟਰ 26 ਏ, ਚੰਡੀਗੜ੍ਹ 160012

ਅਚੱਲ ਜਾਇਦਾਦ ਦੀ ਵਿਕਰੀ ਲਈ ਨੋਟਿਸ

[ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(1) ਨਾਲ ਪੜ੍ਹੇ ਜਾਂਦੇ ਰੂਲ 8(6) ਅਧੀਨ]

ਦ ਸਕਿਓਰੀਟਾਈਜ਼ੇਸ਼ਨ ਅਤੇ ਰੀਕੰਸਟ੍ਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਅਤੇ ਇੰਨਫੋਰਸਮੈਂਟ ਆਫ਼ ਸਕਿਓਰਟੀ ਇੰਟਰਸਟ ਐਕਟ 2002, ਦ ਸਕਿਓਰਿਟੀ ਇੰਟਰਸਟ (ਇੰਨਫੋਰਸਮੈਂਟ) ਰੂਲਜ਼ 2002 ਦੇ ਰੂਲ 9(1) ਅਤੇ ਰੂਲ 8(6) ਨਾਲ ਪੜ੍ਹੀਆਂ ਜਾਂਦੀਆਂ ਧਾਰਵਾਂ ਅਧੀਨ ਅਚੱਲ ਐਸਟਸ ਦੀ ਵਿਕਰੀ ਲਈ 30 ਦਿਨਾਂ ਦਾ ਈ-ਨਿਲਾਮੀ ਨੋਟਿਸ

ਆਮ ਜਨਤਾ ਅਤੇ ਹੇਠ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਜਾਂ ਉਨ੍ਹਾਂ ਦੇ ਕਾਨੂੰਨੀ ਵਾਰਸਾਂ/ਪ੍ਰਤੀਨਿਧੀਆਂ (ਕਰਜ਼ਦਾਰਾਂ) ਨੂੰ ਖ਼ਾਸ ਤੌਰ 'ਤੇ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦਰਸਾਈਆਂ ਟਾਟਾ ਕੈਪੀਟਲ ਹਾਊਸਿੰਗ ਫ਼ਾਇਨਾਂਸ ਲਿਮ. ਕੋਲ ਗਿਰਵੀ ਅਚੱਲ ਜਾਇਦਾਦਾਂ ਦਾ ਟਾਟਾ ਕੈਪਿਟਲ ਹਾਊਸਿੰਗ ਫ਼ਾਇਨਾਂਸ ਲਿਮ. (ਟੀਸੀਐਚਐਫਐਲ) ਦੇ ਅਧਿਕਾਰਤ ਅਫ਼ਸਰ ਦੁਆਰਾ ਕਬਜ਼ਾ ਲੈ ਲਿਆ ਹੈ, ਜੋ ਕਿ "ਜਿਵੇਂ ਹੈ ਜਿਥੇ ਹੈ" ਤੇ "ਜਿਵੇਂ ਹੈ ਜੋ ਹੈ" ਦੇ ਅਧਾਰ ਹੇਠਾਂ ਦਰਜ਼ ਕਰਜ਼ਦਾਰਾਂ ਅਤੇ ਸਹਿ ਕਰਜ਼ਦਾਰਾਂ ਤੋਂ ਬਕਾਏ ਦੀ ਵਸੂਲੀ ਲਈ ਮਿਤੀ 03-07-2025 ਨੂੰ ਵੇਚਿਆ ਜਾਵੇਗਾ। ਰਾਖ਼ਵੀਂ ਕੀਮਤ ਅਤੇ ਬਿਆਨਾ ਰਕਮ ਹੇਠ ਦਿਤੇ ਅਨੁਸਾਰ ਹੈ। ਸੂਚਿਤ ਕੀਤਾ ਜਾਂਦਾ ਹੈ ਕਿ, ਵਿਕਰੀ ਮੁਲਤਵੀ ਕਰਨ/ਰੋਕੇ ਜਾਣ ਦੀ ਸੂਰਤ ਵਿਚ, ਉਕਤ ਜਾਇਦਾਦ ਈ-ਨਿਲਾਮੀ ਰਾਹੀਂ ਮਿਤੀ 03-07-2025 ਨੂੰ ਬਾ. ਦੁ. 2.00 ਵਜੇ ਕੀਤੀ ਜਾਵੇਗੀ। ਈ ਨਿਲਾਮੀ ਵਿੱਚ ਭਾਵ ਲੈਣ ਲਈ ਈਐਮਡੀ ਦਾ ਡਿਮਾਂਡ ਡਰਾਫਟ ਇਕ ਸੀਲ ਬੰਦ ਲਿਫ਼ਾਫ਼ੇ ਵਿੱਚ ਟੀਸੀਐਚਐਫਐਲ ਦੇ ਅਧਿਕਾਰਤ ਅਫ਼ਸਰ ਕੋਲ ਮਿਤੀ 02-07-2025 ਨੂੰ ਸ਼ਾਮ 5.00 ਵਜੇ ਤੱਕ ਜਾਂ ਇਸ ਤੋਂ ਪਹਿਲਾਂ ਬ੍ਰਾਂਚ ਦਾ ਪਤਾ : ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ, ਐਸ.ਸੀ.ਓ 20, ਦੂਸਰੀ ਮੰਜ਼ਿਲ, ਸੈਕਟਰ 26-ਏ, ਚੰਡੀਗੜ੍ਹ 160012 ਵਿਖੇ ਜਮਾਂ ਕੀਤੀ ਜਾਵੇ। ਅਚੱਲ ਜਾਇਦਾਦ/ਸਕਿਓਰਡ ਐਸਟ ਦੀ ਵਿਕਰੀ "ਜਿਵੇਂ ਹੈ ਜਿਥੇ ਹੈ" ਦੀਆਂ ਸ਼ਰਤਾਂ ਦੇ ਅਧਾਰ 'ਤੇ ਹੇਠ ਦਰਸਾਏ ਸੰਖੇਪ ਵੇਰਵਿਆਂ ਅਨੁਸਾਰ ਹੋਵੇਗੀ :

ਲੜੀ ਨੰ.	ਲੋਨ ਖਾਤਾ ਨੰ.	ਕਰਜ਼ਦਾਰ(ਾਂ)/ਸਹਿ ਕਰਜ਼ਦਾਰ(ਾਂ)/ਕਾਨੂੰਨੀ ਵਾਰਸ(ਾਂ)/ਕਾਨੂੰਨੀ ਪ੍ਰਤੀਨਿਧੀ(ਾਂ)/ਗਰੰਟਰ(ਾਂ) ਦਾ ਨਾਮ	ਡਿਮਾਂਡ ਨੋਟਿਸ ਅਨੁਸਾਰ ਰਕਮ	ਰਾਖਵੀਂ ਕੀਮਤ	ਬਿਆਨਾ ਰਕਮ	ਕਬਜ਼ੇ ਦੀ ਕਿਸਮ	ਬਕਾਇਆ ਰਕਮ
1.	TCHHL0307000100236737 & TCHIN0307000100237032	ਸ੍ਰੀ ਪ੍ਰਤੀਕ ਯਾਦਵ ਪੁੱਤਰ ਸ੍ਰੀ ਜਗਨ ਨਾਥ ਅਤੇ ਸ੍ਰੀਮਤੀ ਸ਼ਰਨਜੀਤ ਕੌਰ ਪਤਨੀ ਸ੍ਰੀ ਪ੍ਰਤੀਕ ਯਾਦਵ	ਰੁ. 19,52,167/- ਤੁਹਾਡੇ ਵੱਲ ਬਕਾਇਆ ਅਤੇ ਅਦਾਇਗੀਯੋਗ ਅਧੀਨ ਲੋਨ ਖਾਤਾ ਨੰ. TCHHL0307000100236737 ਅਤੇ ਇਕ ਰਕਮ ਰੁ. 1,46,291/- ਤੁਹਾਡੇ ਵੱਲ ਬਕਾਇਆ ਹੈ ਅਤੇ ਤੁਹਾਡੇ ਵਲੋਂ ਅਦਾਇਗੀਯੋਗ ਅਧੀਨ ਲੋਨ ਖਾਤਾ ਨੰ. TCHIN0307000100237032 ਭਾਵ ਕੁਲ ਬਕਾਇਆ ਰੁ. 20,98,458/-	ਰੁ. 20,13,500/- (ਵੀਹ ਲੱਖ ਤੇਰਾਂ ਹਜ਼ਾਰ ਪੰਜ ਸੌ ਰੁ. ਸਿਰਫ਼)	ਰੁ. 2,01,350/- (ਦੋ ਲੱਖ ਇਕ ਹਜ਼ਾਰ ਤਿੰਨ ਸੌ ਪੰਜਾਹ ਰੁ. ਸਿਰਫ਼)	ਭੌਤਿਕ	ਰੁ. 2047535/- ਤੁਹਾਡੇ ਵੱਲ ਬਕਾਇਆ ਅਤੇ ਅਦਾਇਗੀਯੋਗ ਅਧੀਨ ਲੋਨ ਖਾਤਾ ਨੰ. TCHHL0307000100236737 ਅਤੇ ਇਕ ਰਕਮ ਰੁ. 158161/- ਤੁਹਾਡੇ ਵੱਲ ਬਕਾਇਆ ਹੈ ਅਤੇ ਤੁਹਾਡੇ ਵਲੋਂ ਅਦਾਇਗੀਯੋਗ ਅਧੀਨ ਲੋਨ ਖਾਤਾ ਨੰ. TCHIN0307000100237032 ਭਾਵ ਕੁਲ ਬਕਾਇਆ ਰੁ. 2205696/- ਮਿਤੀ 26.05.2025 ਨੂੰ

ਅਚੱਲ ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਰਿਹਾਇਸ਼ੀ ਜਾਇਦਾਦ 207 ਮਿਣਤੀ 3 ਮਰਲੇ 108 ਵ. ਫ਼ੁੱਟ ਮਿਣਤੀ 22'0" x42'0" ਭਾਵ 924 ਵ. ਫੁੱਟ ਜਮਾਂਬੰਦੀ ਸਾਲ 2020-2021 ਅਨੁਸਾਰ ਜੋ ਸ਼ਾਮਲ ਹੈ ਵਿਚ ਖਸਰਾ ਨੰ. 687/2, 741/1, 742/1, 743, 744, 745, 746, 747, 748 ਸਥਿਤ ਹੈ ਪਿੰਡ ਵਡਾਲਾ ਰੋਆਇਲਜ਼, ਪਿੰਡ ਵਡਾਲਾ, ਤਹਿਸੀਲ ਜਲੰਧਰ 144001, ਪੰਜਾਬ ਵਿਖੇ ਸਮੇਤ ਸੇਲ ਡੀਡ ਵਿਚ ਦਰਸਾਈਆਂ ਸਾਰੀਆਂ ਸਹੂਲਤਾਂ, ਹੱਦਾ ; ਪੂਰਬ : ਪਲਾਟ ਨੰ. 208/42'0", ਪੱਛਮ : ਪਲਾਟ ਨੰ. 206/42'0", ਉਤਰ : ਪਲਾਟ ਨੰ 258/22'0" ਅਤੇ ਦੱਖਣ : ਰੋਡ/22'0"

ਨਿਲਾਮੀ ਵੇਲੇ, ਆਮ ਜਨਤਾ ਨੂੰ ਆਪਣੀਆਂ ਬੋਲੀਆਂ ਖੁਦ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ। ਇਸ ਵਿਕਰੀ ਦੇ ਸਬੰਧ ਵਿੱਚ ਕੋਈ ਵੀ ਅਧਿਕਾਰੀ ਜਾਂ ਕੋਈ ਹੋਰ ਵਿਅਕਤੀ, ਜਿਸਦੀ ਕੋਈ ਡਿਊਟੀ ਨਿਭਾਉਣੀ ਹੈ, ਹਾਲਾਂਕਿ, ਸਿੱਧੇ ਜਾਂ ਅਸਿੱਧੇ ਤੌਰ 'ਤੇ ਵੇਚੀ ਗਈ ਅਚੱਲ ਜਾਇਦਾਦ ਵਿੱਚ ਕੋਈ ਦਿਲਚਸਪੀ ਲੈਣ, ਪ੍ਰਾਪਤ ਕਰਨ ਜਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ।
ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੀਆਂ ਸ਼ਰਤਾਂ ਅਧੀਨ ਅਤੇ ਹੇਠ ਦਰਸਾਈਆਂ ਦਾ ਵਿਸ਼ਾ ਹੋਵੇਗੀ :
ਨੋਟ : ਜਾਇਦਾਦਾਂ ਦੀ ਈ-ਨਿਲਾਮੀ ਪੋਰਟਲ http://bankeauctions.in/ ਰਾਹੀਂ ਮਿਤੀ 22.05.2025 ਨੂੰ ਬਾ. ਦੁ.ਰ 2.00 ਵਜੇ ਤੋਂ 3.00 ਵਜੇ ਤਕ ਹਰੇਕ 10 ਮਿੰਟਾਂ ਦੇ ਅਸੀਮਿਤ ਵਾਧੇ ਨਾਲ ਹੋਵੇਗੀ।
ਵਿਕਰੀ ਦੇ ਨਿਯਮ ਅਤੇ ਸ਼ਰਤਾਂ :- 1) ਸ਼ਡਿਊਲ ਵਿਚ ਹੇਠ ਦਰਸਾਏ ਵੇਰਵੇ ਨਿਮਨ ਹਸਤਾਖ਼ਰ ਦੀ ਸਹੀ ਜਾਣਕਾਰੀ ਮੁਤਾਬਕ ਹੀ ਦਰਸਏ ਗਏ ਹਨ, ਪਰ ਇਸ ਪ੍ਰੋਕਲੇਮੇਸ਼ਨ ਵਿਚ ਕਿਸੇ ਵੀ ਤਰ੍ਹਾਂ ਦੀ ਤਰੁੱਟੀ, ਗਲਤ ਬਿਆਨਬਾਜ਼ੀ ਜਾਂ ਗ਼ਲਤੀ ਲਈ ਨਿਮਨ ਹਸਤਾਖ਼ਰ ਜ਼ਿੰਮੇਵਾਰ ਨਹੀਂ ਹੋਵੇਗਾ। ਬੋਲੀ ਦੀ ਰਕਮ ਜਾਂ ਬੋਲੀਕਾਰ ਸਬੰਧੀ ਕਿਸੇ ਝਗੜੇ ਦੀ ਸੂਰਤ ਵਿਚ, ਲਾਟ ਨੂੰ ਦੁਬਾਰਾ ਫ਼ਿਰ ਨਿਲਾਮੀ ਰਾਹੀਂ ਵੇਚਿਆ ਜਾਵੇਗਾ। 2) ਜਾਇਦਾਦ ਰਾਖਵੀਂ ਕੀਮਤ ਤੋਂ ਘੱਟ ਵਿਚ ਨਹੀਂ ਵੇਚੀ ਜਾਵੇਗੀ। 3) ਬੋਲੀ ਵਧਾਉਣ ਦੀ ਕੀਮਤ 10,000 ਹੋਵੇਗੀ।4) ਪ੍ਰਾਪਰਟੀ ਦੀ ਖਰੀਦ ਲਈ ਜਮਾਂ ਕੀਤੀਆਂ ਗਈਆਂ ਸਾਰੀਆਂ ਬੋਲੀਆਂ ਜਮਾਂ ਕਰਨ ਲਈ ਉਪਰ ਦੱਸੇ ਅਨੁਸਾਰ ਬਿਆਨਾ ਰਾਸ਼ੀ ਦੇ ਨਾਲ ਨਾਲ ਚੰਡੀਗੜ੍ਹ ਵਿਖੇ ਅਦਾਇਗੀਯੋਗ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ. ਦੇ ਪੱਖ ਵਿਚ ਇਕ ਡਿਮਾਂਡ ਡ੍ਰਾਫਟ ਜਮਾਂ ਕਰਾਉਣਾ ਹੋਵੇਗਾ। ਅਸਫ਼ਲ ਬੋਲੀਕਾਰਾਂ ਨੂੰ ਡਿਮਾਂਡ ਡਰਾਫਟ ਵਾਪਸ ਕਰ ਦਿੱਤੇ ਜਾਣਗੇ। 5) ਸਭ ਤੋਂ ਉੱਚੇ ਬੋਲੀਦਾਤਾ ਨੂੰ ਕਿਸੇ ਵੀ ਤਰ੍ਹਾਂ ਦੀ ਖਰੀਦਦਾਰ ਵਜੋਂ ਘੋਸ਼ਿਤ ਕੀਤਾ ਜਾਏਗਾ ਜੋ ਹਮੇਸ਼ਾ ਉਸ ਨੂੰ ਬੋਲੀ ਕਾਨੂੰਨ ਯੋਗ ਹੋਵੇਗਾ ਅਤੇ ਅੱਗੇ ਦਸਿਆ ਗਿਆ ਹੈ ਕਿ ਉਸ ਦੁਆਰਾ ਬੋਲੀ ਦੀ ਰਕਮ ਰਾਖਵੀਂ ਕੀਮਤ ਤੋਂ ਘੱਟ ਨਹੀਂ ਹੈ। ਜਦੋਂ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਇਹ ਸਪੱਸ਼ਟ ਰੂਪ ਵਿਚ ਅਧੁੱਕਵੀਂ ਲਗਦੀ ਹੈ ਕਿ ਸਭ ਤੋਂ ਉੱਚੀ ਬੋਲੀ ਦੀ ਮਨਜ਼ੂਰੀ ਨੂੰ ਅਸਵੀਕਾਰ ਕਰਨ ਵਾਲੇ ਅਫਸਰ ਦੀ ਇੱਛਾ ਦੇ ਅਨੁਸਾਰ ਹੋਣਾ ਚਾਹੀਦਾ ਹੈ. 6) ਰਿਕਾਰਡ ਕੀਤੇ ਗਏ ਕਾਰਨਾ ਕਰਕੇ, ਇਹ ਵਿਕਰੀ ਨੂੰ ਰੋਕਣ/ਬੰਦ ਕਰਨ ਲਈ ਅਧਿਕਾਰਿਤ ਅਧਿਕਾਰੀ ਦੇ ਵਿਚਾਰਾਂ ਵਿਚ ਹੋਵੇਗਾ। 7) **ਸੰਪਤੀ ਦੀ ਪੜਤਾਲ 25-06-2025 ਨੂੰ ਸਵੇਰੇ 11 ਵਜੇ ਤੋਂ ਸ਼ਾਮ 5.00 ਵਜੇ ਵਿਚਕਾਰ ਅਗਾਊਂ ਇਜਾਜ਼ਤ ਨਾਲ ਕੀਤੀ ਜਾਵੇਗੀ।** 8) ਵਿਅਕਤੀ ਜਿਸਨੂੰ ਖਰੀਦਦਾਰ ਐਲਾਨਿਆ ਜਾਵੇਗਾ, ਉਸਨੂੰ ਐਲਾਨ ਤੋਂ ਤੁਰੰਤ ਬਾਅਦ ਅਧਿਕਾਰਤ ਅਫ਼ਸਰ ਕੋਲ ਖਰੀਦ ਕੀਮਤ ਦੀ 25 ਫੀਸਦੀ ਰਕਮ 24 ਘੰਟਿਆਂ ਦੇ ਅੰਦਰ ਜਮਾਂ ਕਰਾਉਣੀ ਹੋਵੇਗੀ ਅਤੇ ਜੇਕਰ ਰਕਮ ਜਮਾਂ ਨਹੀਂ ਕਰਵਾਈ ਜਾਂਦੀ ਤਾਂ ਜਾਇਦਾਦ ਨੂੰ ਮੁੜ ਤੋਂ ਵੇਚਿਆ ਜਾਵੇਗਾ। 9) ਜੇਕਰ ਸ਼ੁਰੂਆਤੀ ਰਕਮ ਜਮਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਜਾਇਦਾਦ ਦੀ ਵਿਕਰੀ ਦੀ ਪੁਸ਼ਟੀ ਹੋਣ ਤੋਂ 15 ਦਿਨਾ ਤੋਂ ਪਹਿਲਾਂ ਅਧਿਕਾਰਤ ਅਫ਼ਸਰ ਕੋਲ ਬਕਾਇਆ ਰਕਮ ਜਮਾਂ ਕਰਾਉਣੀ ਹੋਵੇਗੀ। ਜੇਕਰ 15ਵਾਂ ਦਿਨ ਐਤਵਾਰ ਜਾਂ ਛੁੱਟੀ ਦਾ ਦਿਨ ਹੁੰਦਾ ਹੈ ਤਾਂ 15 ਦਿਨਾਂ ਤੋਂ ਬਾਅਦ ਪਹਿਲੇ ਕੰਮ ਕਾਰ ਵਾਲੇ ਦਿਨ ਰਕਮ ਜਮਾਂ ਕਰਾਉਣੀ ਹੋਵੇਗੀ। 10) ਜੇਕਰ ਉਪਰ ਦਰਸਾਈ ਮਿਆਦ ਦੇ ਅੰਦਰ ਅੰਦਰ ਅਦਾਇਗੀ ਕਰਨ ਵਿਚ ਡਿਫਾਲਟ ਰਹਿਣ 'ਤੇ ਨਿਲਾਮੀ ਵਿਕਰੀ ਪ੍ਰਾਈਵੇਟ ਟ੍ਰੀਟੀ ਰਾਹੀਂ ਤਾਜ਼ਾ ਨਿਲਾਮੀ ਲਈ ਰੱਖੀ ਜਾਵੇਗੀ। ਈਐਮਡੀ ਸਮੇਤ ਜਮਾਂ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ. ਵੱਲੋਂ ਜ਼ਬਤ ਕਰ ਲਈ ਜਾਵੇਗੀ ਅਤੇ ਡਿਫਾਲਟ ਖਰੀਦਦਾਰ ਜਾਇਦਾਦ ਸਬੰਧੀ ਸਾਰੇ ਦਾਅਵੇ ਖੋ ਦੇਵੇਗਾ। 11) ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ. ਕੋਲ ਜਾਣਕਾਰੀ ਹੈ : ਕੋਈ ਨਹੀਂ, ਜੇ ਕੋਈ ਦਾਅਵਾ ਹੈ ਜੋ ਕਿ ਜਾਇਦਾਦ ਨੂੰ ਲੈ ਕੇ ਸਾਹਮਣੇ ਆਏ ਹਨ ਅਤੇ ਇਸ ਕਿਸਮ ਦਾ ਕੋਈ ਵੀ ਹੋਰ ਵੇਰਵਾ : ਨਹੀਂ, ਉਪਰ ਲਿਖੇ ਤੋਂ ਇਲਾਵਾ ਕੋਈ ਨਹੀਂ। 12) ਹੋਰ ਕਿਸੇ ਵੇਰਵਿਆਂ ਜਾਂ ਈ ਨਿਲਾਮੀ ਦੀ ਆਨਲਾਈਨ ਸਿਖਲਾਈ ਪ੍ਰਕਿਰਿਆ ਲਈ ਸੰਭਾਵੀ ਬੋਲੀਕਾਰ ਸੇਵਾ **ਪ੍ਰਦਾਤਾ, ਮੈਸ. 4ਕਲੋਜ਼ਰ, ਬਲਾਕ ਨੰ. 605 ਏ, 6ਵੀਂ ਮੰਜ਼ਿਲ, ਮੈਤਰੀਵਨਮ ਕਮਰਸ਼ੀਅਲ ਕੰਪਲੈਕਸ, ਅਮੀਰਪੇਟ, ਹੈਦਰਾਬਾਦ-500038, Email : info@bankauctions.in ਜਾਂ ਮਨੀਸ਼ ਬਾਂਸਲ, ਈਮੇਲ ਆਈਡੀ : Manish.Bansal@tatacapital.com, ਅਧਿਕਾਰਤ ਅਫ਼ਸਰ ਮੋਬਾਇਲ ਨੰ. 8588983696 'ਤੇ ਸੰਪਰਕ ਕਰਨ। ਕ੍ਰਿਪਾ ਕਰਕੇ ਆਪਣੀ ਕੋਈ ਇਨਕੁਆਰੀ ਵ੍ਹਟਸਐਪ ਨੰ. 9999078669** 'ਤੇ ਭੇਜਣ, 13) 1% ਟੀਡੀਐਸ ਲਾਗੂ ਹੋਵੇਗਾ ਅਤੇ ਐਲਾਨੀ ਉਚੀ ਬੋਲੀ ਰਕਮ 'ਤੇ ਉੱਚੀ ਬੋਲੀ ਦੇਣ ਵਾਲੇ ਵਲੋਂ ਅਦਾ ਕੀਤਾ ਜਾਵੇਗਾ। ਉੱਚੀ ਬੋਲੀ ਦੇਣ ਵਾਲੇ ਵਲੋਂ ਅਦਾਇਗੀ ਮਾਲਕ/ਕਰਜ਼ਦਾਰ(ਾਂ) ਦੇ ਪੈਨ ਕਾਰਡ ਵਿਚ ਜਮ੍ਹਾਂ ਕਰਾਉਣ ਦੀ ਲੋੜ ਹੈ ਅਤੇ ਚਲਾਨ ਦੀ ਕਾਪੀ ਸਾਡੀ ਕੰਪਨੀ ਕੋਲ ਜਮ੍ਹਾਂ ਹੋਵੇਗੀ। 14) ਉਪਰੋਕਤ ਵੇਰਵਿਆਂ ਲਈ ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ https://surl.li/uvreir 'ਚ ਦਿੱਤੇ ਲਿੰਕ ਦਾ ਹਵਾਲਾ ਲਓ। 15) ਕ੍ਰਿਪਾ ਕਰਕੇ ਲਿੰਕ **https://www.tatacapital.com/property-disposal.html** 'ਤੇ ਵੀ ਜਾਓ
ਨੋਟ ਕਰੋ : ਟੀਸੀਐਚਐਫਐਲ ਨੇ ਇਸ ਜਾਇਦਾਦ ਦੀ ਨਿਲਾਮੀ/ਵਿਕਰੀ ਲਈ ਜ਼ਿਕਰ ਕੀਤੇ ਨਿਲਾਮੀ ਪਾਰਟਨਰ ਤੋਂ ਇਲਾਵਾ ਕਿਸੇ ਵੀ ਬੋਰਕਰ/ਏਜੰਟ ਨੂੰ ਸ਼ਾਮਲ ਨਹੀਂ ਕੀਤਾ ਹੈ। ਇੱਛੁਕ ਪਾਰਟੀਆਂ ਇਸ ਮਾਮਲੇ ਵਿਚ ਇਨਕੁਆਰੀ ਜਾਂ ਸਾਰੀਆਂ ਇਨਕੁਆਰੀਆਂ ਲਈ ਅਧਿਕਾਰਤ ਅਫ਼ਸਰ ਜਾਂ ਨਿਮਨ ਹਸਤਾਖਰੀ ਨਾਲ ਸੰਪਰਕ ਕਰਨ।

ਸਥਾਨ : ਪੰਜਾਬ
ਮਿਤੀ : 31-05-2025
ਸਹੀ/- ਅਧਿਕਾਰਤ ਅਫ਼ਸਰ
ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ.

ਈ ਨਿਲਾਮੀ ਵਿਕਰੀ ਸੂਚਨਾ
ਸਟੇਨ ਆਟੋਜ਼ ਪ੍ਰਾਈਵੇਟ ਲਿਮਟਿਡ (ਲੀਕੁਡੇਸ਼ਨ 'ਚ)

ਇਨਸੌਲਵੈਂਸੀ ਐਂਡ ਬੈਂਕਰਪਟਸੀ ਕੋਡ, 2016 ਅਧੀਨ ਵਿਕਰੀ

ਸਟੈਨ ਆਟੋਸ ਪ੍ਰਾਈਵੇਟ ਲਿਮਟਿਡ (**CIN: U74899DL1991PTC044879**) ਦੇ ਲਿਕਵੀਡੇਟਰ (ਲਿਕਵੀਡੇਸ਼ਨ ਅਧੀਨ ਕਾਰਪੋਰੇਟ ਦੇਣਦਾਰ) ਇਸ ਦੁਆਰਾ ਯੋਗ ਬੋਲੀਕਾਰਾਂ ਨੂੰ ਕਾਰਪੋਰੇਟ ਕਰਜ਼ਦਾਰ ਦੀ ਜਾਇਦਾਦ ਦੀ ਵਿਕਰੀ ਦੀ ਈ-ਨਿਲਾਮੀ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਾ ਹੈ, ਜੋ ਕਿ ਇੱਥੇ ਬਲਾਕ I, ਬਲਾਕ II ਅਤੇ ਬਲਾਕ III ਦੇ ਰੂਪ ਵਿੱਚ ਵੱਖਰੇ ਤੌਰ 'ਤੇ 'ਜਿਵੇਂ ਹੈ ਜਿੱਥੇ ਹੈ ਆਧਾਰ 'ਤੇ', 'ਜਿਵੇਂ ਹੈ ਜੋ ਹੈ ਆਧਾਰ 'ਤੇ', 'ਜੋ ਵੀ ਹੈ ਉੱਥੇ ਆਧਾਰ 'ਤੇ' ਅਤੇ 'ਕੋਈ ਵਸੀਲੇ ਤੋਂ ਬਿਨਾਂ ਦੇ ਆਧਾਰ 'ਤੇ' ਇੱਥੇ ਦੱਸੇ ਗਏ ਨਿਲਾਮੀ ਸ਼ਡਿਊਲ ਦੇ ਅਨੁਸਾਰ ਅਤੇ ਬੋਲੀ ਦਸਤਾਵੇਜ਼ ਵਿੱਚ ਸੂਚੀਬੱਧ ਵਿਸਤ੍ਰਿਤ ਨਿਯਮਾਂ, ਸ਼ਰਤਾਂ ਅਤੇ ਪ੍ਰਕਿਰਿਆ ਦੇ ਅਨੁਸਾਰ ਹਨ ਜੋ **https://ibbi.baanknet.com** ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ ਜਾਂ **cirp.stanautos@gmail.com** 'ਤੇ ਈਮੇਲ ਭੇਜ ਕੇ ਪ੍ਰਾਪਤ ਕੀਤੇ ਜਾ ਸਕਦੇ ਹਨ।
ਰਿਜ਼ਰਵ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਦਾ ਜ਼ਿਕਰ ਹੇਠਾਂ ਸਾਰਣੀ ਵਿੱਚ ਕੀਤਾ ਜਾਵੇਗਾ:

(ਰਕਮ ਰੁ. 'ਚ)

ਬਲਾਕ ਨੰ.	ਸਕਿਓਰਡ ਐਸਟਸ ਦਾ ਵੇਰਵਾ	ਰਾਖਵੀਂ ਕੀਮਤ	ਈਐਮਡੀ	ਕੀਮਤ ਵਾਧਾ ਲਾਗਤ
I	ਸ਼ੇਰਪੁਰ ਚੌਂਕ, ਲੁਧਿਆਣਾ ਵਿਖੇ ਲੱਗੇ ਪਲਾਂਟ ਅਤੇ ਮਸ਼ੀਨਰੀ ਦੀ ਵਿਕਰੀ	13,50,000/-	1,35,000/-	10,000/-
II	ਸ਼ੇਰਪੁਰ ਚੌਂਕ, ਲੁਧਿਆਣਾ ਵਿਖੇ ਲੱਗੇ ਢਾਂਚੇ ਦੀ ਵਿਕਰੀ	2,41,00,000/-	24,10,000/-	25,000/-
III	ਸਾਹਨੇਵਾਲ ਲੁਧਿਆਣਾ ਵਿਖੇ ਲੱਗੇ ਢਾਂਚੇ ਦੀ ਵਿਕਰੀ	13,72,000/-	1,38,000/-	10,000/-

* ਕ੍ਰਿਪਾ ਕਰਕੇ ਨੋਟ ਕਰੋ ਕਿ ਪ੍ਰਮੋਟਰਜ਼ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਸੰਬੰਧਤ ਇਨ੍ਹਾਂ ਢਾਂਚਿਆਂ ਦੇ ਹੇਠਲੀ ਮਲਕੀਅਤ

ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ	31-05-2025
ਅੰਡਰਟੇਕਿੰਗ ਯੂ/ਐਸ 29 ਏ, ਕੇਵਾਈਸੀ ਦਸਤਾਵੇਜ਼ਾਂ ਅਤੇ ਹੋਰ ਅੰਡਰਟੇਕਿੰਗਜ਼ ਦੀ ਅਪਲੋਡਿੰਗ ਦੀ ਆਖਰੀ ਮਿਤੀ	15-06-2025 (https://ibbi.baanknet.com 'ਤੇ ਅਪਲੋਡ ਕੀਤੀ ਜਾਵੇਗੀ)
ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ	18.06.2025(https://ibbi.baanknet.com 'ਤੇ ਈ-ਵੈਲਟ ਖਾਤੇ ਰਾਹੀਂ ਜਮ੍ਹਾਂ ਕੀਤੀ ਜਾਵੇਗੀ)
ਪੜਤਾਲ ਦੀ ਮਿਤੀ	31.05.2025 ਤੋਂ 16.06.2026 ਤੱਕ (ਲੀਕੁਡੇਟਰ ਤੋਂ ਅਗਾਊਂ ਇਜਾਜ਼ਤ ਨਾਲ ਦੁ. 12 ਵਜੇ ਤੋਂ ਸ਼ਾਮ 4 ਵਜੇ ਤੱਕ)
ਨਿਲਾਮੀ ਦੀ ਮਿਤੀ ਅਤੇ ਸਮਾਂ	20-06-2025 • For Block I - 10:00 AM to 12:00 Noon • For Block II - 12:30 PM to 2:30 PM • For Block III - 3:00 PM to 5:00 PM (ਹਰੇਕ 5 ਮਿੰਟ ਦੇ ਅਣਮਿਥੇ ਵਾਧੇ ਨਾਲ)

ਜ਼ਰੂਰੀ ਪੁਆਇੰਟਸ :
1. ਈ-ਨਿਲਾਮੀ 'ਜਿਵੇਂ ਹੈ ਜਿੱਥੇ ਹੈ, ਉਸੇ ਤਰ੍ਹਾਂ ਹੈ,' 'ਜਿਵੇਂ ਹੈ ਜੋ ਹੈ', 'ਜੋ ਵੀ ਹੈ, ਉਸੇ ਤਰ੍ਹਾਂ ਹੈ' ਅਤੇ 'ਕੋਈ ਵਸੀਲਾ ਨਹੀਂ' ਦੇ ਆਧਾਰ 'ਤੇ ਪ੍ਰਵਾਨਿਤ ਸੇਵਾ ਪ੍ਰਦਾਤਾ **PSB** ਅਲਾਇੰਸ (ਸਾਰੇ ਜਨਤਕ ਖੇਤਰ ਦੇ ਬੈਂਕਾਂ ਦਾ ਗੱਠਜੋੜ) ਰਾਹੀਂ ਕੀਤੀ ਜਾਵੇਗੀ।
2. ਵਿਕਰੀ ਇਨਸੌਲਵੈਂਸੀ ਅਤੇ ਦੀਵਾਲੀਆਪਨ ਕੋਡ, 2016 ਦੇ ਉਪਬੰਧਾਂ ਅਤੇ ਇਸਦੇ ਅਧੀਨ ਬਣਾਏ ਗਏ ਲਿਕਵੀਡੇਸ਼ਨ ਨਿਯਮਾਂ ਦੇ ਅਧੀਨ ਹੋਵੇਗੀ। ਨਿਲਾਮੀ ਦੀ ਮਿਤੀ ਤੋਂ ਪਹਿਲਾਂ ਸੀਡੀ (ਸਟੇਨ ਆਟੋਜ਼ ਪ੍ਰਾਈਵੇਟ ਲਿਮਟਿਡ) ਦੀ ਕਿਸੇ ਵੀ ਦੇਣਦਾਰੀ ਦੇ ਸੰਬੰਧ ਵਿੱਚ ਸਾਰੇ ਦਾਅਵਿਆਂ ਨਾਲ ਉਸੇ ਅਨੁਸਾਰ ਨਜਿੱਠਿਆ ਜਾਵੇਗਾ। ਨਿਲਾਮੀ ਦੀ ਮਿਤੀ ਤੋਂ ਬਾਅਦ ਨਿਲਾਮੀ ਅਧੀਨ ਸੰਪਤੀਆਂ ਦੇ ਸੰਬੰਧ ਵਿੱਚ ਸਾਰੇ ਦਾਅਵਿਆਂ/ਦੇਣਦਾਰੀਆਂ ਦੀ ਇਕੱਲੀ ਜ਼ਿੰਮੇਵਾਰੀ ਸਫਲ ਬੋਲੀਕਾਰ ਦੀ ਹੋਵੇਗੀ।
3. ਸੰਪਤੀਆਂ ਦੇ ਵੇਰਵੇ, ਔਨਲਾਈਨ ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਅਤੇ ਅੰਡਰਟੇਕਿੰਗ ਫਾਰਮ, ਅਤੇ ਔਨਲਾਈਨ ਨਿਲਾਮੀ ਵਿਕਰੀ ਦੇ ਆਮ ਨਿਯਮ ਅਤੇ ਸ਼ਰਤਾਂ ਵਾਲਾ ਪੂਰਾ ਈ-ਨਿਲਾਮੀ ਪ੍ਰਕਿਰਿਆ ਦਸਤਾਵੇਜ਼ **https://ibbi.baanknet.com/** ਵੈੱਬਸਾਈਟ 'ਤੇ ਉਪਲਬਧ ਹੈ।
4. ਇੱਛੁਕ ਬੋਲੀਕਾਰਾਂ ਨੂੰ ਪੋਰਟਲ 'ਤੇ ਈ-ਵੈਲਟ ਖਾਤੇ ਰਾਹੀਂ ਆਪਣੇ ਦੁਆਰਾ ਅਰਨੈਸਟ ਮਨੀ ਡਿਪਾਜ਼ਿਟ (**EMD**) ਜਮ੍ਹਾ ਕਰਵਾਉਣ ਦੀ ਲੋੜ ਹੁੰਦੀ ਹੈ। ਨਿਲਾਮੀ ਦੇ ਸਫਲ ਸਮਾਪਤ ਹੋਣ 'ਤੇ, **https://ibbi.baanknet.com/highest** ਬੋਲੀਕਾਰ ਦੀ **EMD** ਰਕਮ ਸਟੇਨ ਆਟੋਜ਼ ਪ੍ਰਾਈਵੇਟ ਲਿਮਟਿਡ ਲੀਕੁਡੇਸ਼ਨ ਵਿਚ, ਐਕਸਿਸ ਬੈਂਕ ਲਿਮਟਿਡ ਈਸਟ ਕੈਲਾਸ਼ ਨਵੀਂ ਦਿੱਲੀ 110065 ਕੋਲ ਚਲਦੇ ਸਿਰਲੇਖ ਵਾਲੇ ਖਾਤੇ, ਖਾਤਾ ਨੰਬਰ: 923020020736961 **IFSC** ਕੋਡ: **UTIB**0000593 ਵਿੱਚ ਟ੍ਰਾਂਸਫਰ ਕਰ ਦਿੱਤੀ ਜਾਵੇਗੀ।
5. ਜੇਕਰ ਹਰੇਕ ਬਲਾਕ ਦੀ ਈ-ਨਿਲਾਮੀ ਦੇ ਸਮਾਪਤੀ ਸਮੇਂ ਦੇ ਆਖਰੀ 5 ਮਿੰਟਾਂ ਵਿੱਚ ਬੋਲੀ ਲਗਾਈ ਜਾਂਦੀ ਹੈ, ਤਾਂ ਸਮਾਪਤੀ ਸਮਾਂ ਆਪਣੇ ਆਪ ਹੀ 5 ਮਿੰਟਾਂ ਲਈ ਵਧਾ ਦਿੱਤਾ ਜਾਵੇਗਾ ਜਿਸ ਵਿੱਚ ਅਸੀਮਤ ਵਾਧਾ ਹੋਵੇਗਾ। ਈ-ਨਿਲਾਮੀ ਪ੍ਰਕਿਰਿਆ ਦੇ ਸਮਾਪਤ ਹੋਣ 'ਤੇ ਸਭ ਤੋਂ ਵੱਧ ਬੋਲੀ ਰਕਮ ਜਮ੍ਹਾਂ ਕਰਾਉਣ ਵਾਲੇ ਬੋਲੀਕਾਰ ਨੂੰ ਹਿੱਸੇਦਾਰਾਂ ਦੀ ਸਲਾਹ-ਮਸ਼ਵਰਾ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਸਫਲ ਬੋਲੀਕਾਰ ਘੋਸ਼ਿਤ ਕੀਤਾ ਜਾਵੇਗਾ ਅਤੇ ਇਸ ਸੰਬੰਧ ਵਿੱਚ ਇੱਕ ਸੰਚਾਰ ਇਲੈਕਟ੍ਰਾਨਿਕ ਢੰਗ ਨਾਲ ਜਾਰੀ ਕੀਤਾ ਜਾਵੇਗਾ।
6. **IBC** ਕੋਡ ਦੀ ਧਾਰਾ 35(1)(**f**) ਦੇ ਪ੍ਰਾਵਧਾਨ ਦੇ ਅਨੁਸਾਰ, ਦਿਲਚਸਪੀ ਰੱਖਣ ਵਾਲਾ ਬੋਲੀਕਾਰ ਬੋਲੀ ਜਮ ?ਹਾ ਕਰਨ ਦੇ ਯੋਗ ਨਹੀਂ ਹੋਵੇਗਾ ਜੇਕਰ ਇਹ ਕੋਡ ਦੀ ਧਾਰਾ 291 (ਸਮੇਂ-ਸਮੇਂ 'ਤੇ ਸੋਧੇ ਗਏ) ਵਿੱਚ ਨਿਰਧਾਰਤ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੈ।
7. ਸਫਲ ਬੋਲੀਕਾਰ ਦੀ **EMD** ਨੂੰ ਅੰਸ਼ਕ ਵਿਕਰੀ ਵਿਚਾਰ ਲਈ ਰੱਖਿਆ ਜਾਵੇਗਾ ਅਤੇ ਅਸਫਲ ਬੋਲੀਕਾਰਾਂ ਦੀ **EMD** ਬਿਨਾਂ ਕਿਸੇ ਵਿਆਜ, ਬੈਂਕ ਖਰਚਿਆਂ ਅਤੇ ਕਿਸੇ ਹੋਰ ਖਰਚਿਆਂ ਦੇ ਵਾਪਸ ਕਰ ਦਿੱਤੀ ਜਾਵੇਗੀ। ਇਸ ਤਰ੍ਹਾਂ ਜਮ੍ਹਾਂ ਕੀਤੀ ਗਈ **EMD** 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।
8. ਦਿਲਚਸਪੀ ਰੱਖਣ ਵਾਲੇ ਬਿਨੈਕਾਰਾਂ ਨੂੰ ਖਰੀਦਦਾਰ ਵਜੋਂ ਪੋਰਟਲ 'ਤੇ ਲੌਗਇਨ ਕਰਕੇ ਲੋੜੀਂਦੇ ਦਸਤਾਵੇਜ਼ ਜਮ੍ਹਾ ਕਰਨ ਅਤੇ **EMD** ਰਕਮ ਜਮ੍ਹਾ ਕਰਨ ਦੀ ਲੋੜ ਹੈ ਅਤੇ ਉਸੇ ਪੋਰਟਲ 'ਤੇ **https://ibbi.baanknet.com/** ਯੋਗਤਾ ਦਸਤਾਵੇਜ਼ ਵੀ ਜਮ੍ਹਾ ਕਰਨ ਦੀ ਲੋੜ ਹੈ।
9. ਸੰਭਾਵੀ ਬੋਲੀਕਾਰਾਂ ਨੂੰ ਇੱਕ ਵਾਅਦਾ ਜਮ੍ਹਾ ਕਰਨਾ ਹੋਵੇਗਾ ਕਿ ਉਹ ਲਾਗੂ ਹੱਦ ਤੱਕ ਕੋਡ ਦੀ ਧਾਰਾ 29A ਦੇ ਤਹਿਤ ਕਿਸੇ ਵੀ ਅਯੋਗ ਨਹੀਂ ਹਨ ਅਤੇ ਜੇਕਰ ਕਿਸੇ ਵੀ ਪੜਾਅ 'ਤੇ ਅਯੋਗ ਪਾਏ ਜਾਂਦੇ ਹਨ, ਤਾਂ ਜਮ੍ਹਾ ਕੀਤੀ ਗਈ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ।

ਵਿਜੇ ਕਿਸ਼ੋਰ ਸਕਸੈਨਾ
ਲੀਕੁਡੇਟਰ ਸਟੈਨ ਆਟੋਜ਼ ਪ੍ਰਾਈਵੇਟ ਲਿਟਿਡ
IBBI/IPA-001/IP-P01766/2019-2020/12708
AFA : AA1/1278/02/311225/107859 31.12.2025 ਤੱਕ ਵੈਲਿਡ
ਤਾਲਮੇਲ ਲਈ ਈਮੇਲ :crip.stanautos@gmail.com
ਸੰਪਰਕ ਨੰ. 9540011155
ਮਿਤੀ :31.05.2025
ਸਥਾਨ : ਨਵੀਂ ਦਿੱਲੀ

HDFC BANK

ਐਚਡੀਐਫਸੀ ਬੈਂਕ ਲਿਮਟਿਡ

ਬ੍ਰਾਂਚ ਦਫ਼ਤਰ : ਐਚਡੀਐਫਸੀ, ਐਸਸੀਓ.153-155, ਸੈਕਟਰ-8ਸੀ, ਮਧਿਆ ਮਾਰਗ, ਚੰਡੀਗੜ੍ਹ
ਟੈਲੀ : 0172-6480799, CIN L65920MH1994PLC080618, ਵੈਬਸਾਈਟ : www.hdfcbank.com

ਡਿਮਾਂਡ ਨੋਟਿਸ

ਸਕਿਊਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਇਨਫ਼ਾਰਸਮੈਂਟ ਆਫ਼ ਸਕਿਊਰਿਟੀ ਇੰਟਰੈਸਟ ਐਕਟ, 2002 (ਐਕਟ)
ਜਦਕਿ ਨਿਮਨਹਸਤਾਖ਼ਰੀ ਨੇ **ਐਚਡੀਐਫਸੀ ਬੈਂਕ ਲਿਮਟਡ (ਪਹਿਲਾਂ ਐਚਡੀਐਫਸੀ ਲਿਮਟਡ ਹੁਣ ਮਾਨਯੋਗ ਐਨਸੀਐਲਟੀ-ਮੁੰਬਈ ਦੇ 17 ਮਾਰਚ 2023 ਦੇ ਹੁਕਮ ਤਹਿਤ ਮਨਜ਼ੂਰ ਰਲੇਵਾਂ ਸਕੀਮ ਦੀ ਵਿਸ਼ੇਸ਼ਤਾ ਨਾਲ ਐਚਡੀਐਫ਼ਸੀ ਬੈਂਕ ਲਿਮਟਿਡ ਨਾਲ ਰਲੇਵਾਂ) (ਐਚਡੀਐਫਸੀ)** ਦੇ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਐਸੇਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਊਰਿਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਊਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਜ਼, 2002 ਨਾਲ ਪੜ੍ਹੇ ਜਾਂਦੇ ਰੂਲ 3 ਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਉਕਤ ਐਕਟ ਦੇ ਸੈਕਸ਼ਨ 13(2) ਅਧੀਨ ਹੇਠਾਂ ਸੂਚੀ 'ਚ ਦਿਤੇ ਗਏ ਕਰਜ਼ਦਾਰ(ਾਂ)/ਕਾਨੂੰਨੀ(ਾਂ)/ਕਾਨੂੰਨੀ ਨੁਮਾਇੰਦਾ(ਦਿਆਂ) ਨੂੰ ਸਬੰਧਤ ਡਿਮਾਂਡ ਨੋਟਿਸਾਂ ਵਿਚ ਦਰਸਾਈਆਂ ਰਕਮਾਂ ਨੂੰ ਸਬੰਧਤ ਨੋਟਿਸ/ਾਂ ਦੀ ਮਿਤੀ ਤੋਂ ਲੈ ਕੇ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ, ਹੇਠ ਦਿਤੇ ਵੇਰਵੇ ਅਨੁਸਾਰ ਡਿਮਾਂਡ ਨੋਟਿਸ ਜਾਰੀ ਗਏ ਸਨ। ਇਸ ਲਈ ਨਿਮਨਹਸਤਾਖ਼ਰੀ ਨੇ ਇਨ੍ਹਾਂ ਨੋਟਿਸਾਂ ਨੂੰ ਦੱਸੇ ਗਏ ਕਰਜ਼ਦਾਰਾਂ ਦੇ ਆਖਰੀ ਜਾਣੂ ਪਤੇ ਵਾਲੀਆਂ ਥਾਵਾਂ 'ਤੇ ਚਿਪਕਾ ਦਿਤੇ ਸਨ। ਇਨ੍ਹਾਂ ਨੋਟਿਸਾਂ ਦੀਆਂ ਕਾਪੀਆਂ ਨਿਮਨਹਸਤਾਖ਼ਰੀ ਕੋਲ ਮੌਜੂਦ ਹਨ ਅਤੇ ਇਸ ਲਈ ਦੱਸੇ ਗਏ ਕਰਜ਼ਦਾਰ(ਾਂ),ਕਾਨੂੰਨੀ ਵਾਰਸ(ਾਂ)/ਕਾਨੂੰਨੀ ਨੁਮਾਇੰਦਾ(ਦਿਆਂ) ਜੇ ਉਹ ਚਾਹੁਣ ਤਾਂ, ਇਹ ਕਾਪੀਆਂ ਨਿਮਨਹਸਤਾਖ਼ਰੀ ਕੋਲੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਆਮ ਦਫ਼ਤਰੀ ਸਮੇਂ ਦੌਰਾਨ ਪ੍ਰਾਪਤ ਕਰ ਸਕਦੇ ਹਨ।
ਉੱਪਰ ਲਿਖੇ ਦੇ ਸਬੰਧ ਵਿਚ, ਇੱਕ ਵਾਰੀ ਫ਼ੇਰ ਦੱਸੇ ਗਏ ਕਰਜ਼ਦਾਰਾਂ ਨੂੰ ਨੋਟਿਸ ਦਿਤਾ ਜਾਂਦਾ ਹੈ ਕਿ ਉਹ ਐਚਡੀਐਫ਼ਸੀ ਨੂੰ ਇਸ ਨੋਟਿਸ ਦੇ ਛਪਣ ਤੋਂ 60 ਦਿਨਾਂ ਦੇ ਅੰਦਰ-ਅੰਦਰ ਹੇਠਾਂ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਈਆਂ ਰਕਮਾਂ 'ਤੇ 18% ਵਿਆਜ ਸਾਲਾਨਾ ਦਰ ਨਾਲ ਜੋ ਕਿ ਹੇਠਾਂ ਕਾਲਮ (ਸੀ) ਵਿਚ ਦਰਸਾਈਆਂ ਮਿਤੀਆਂ ਨੂੰ ਅਦਾਇਗੀ ਮਿਤੀ ਅਤੇ/ਜਾਂ ਸੁਤੰਤਰ ਹੋਣ ਤਕ, ਕਰਜ਼ੇ ਦੇ ਦਸਤਾਵੇਜ਼ਾਂ/ਲਿਖਤਾਂ ਨਾਲ ਪੜ੍ਹਿਆ ਜਾਂਦੇ, ਜੇ ਕੋਈ, ਦੱਸੇ ਗਏ ਕਰਜ਼ਦਾਰਾਂ ਵਲੋਂ ਐਗਜ਼ੀਕਿਊਟ ਕੀਤਾ ਗਿਆ। ਸਕਿਊਰਿਟੀ ਦੇ ਤੌਰ 'ਤੇ ਕਰਜ਼ੇ ਦੇ ਬਕਾਏ ਦੇ ਲਈ, ਹੇਠਾਂ ਲਿਖੇ ਅਸਾਸੇ ਐਚਡੀਐਫ਼ਸੀ ਵਲੋਂ ਦੱਸੇ ਗਏ ਕਰਜ਼ਦਾਰਾਂ ਨੂੰ ਕ੍ਰਮਵਾਰ ਗਿਰਵੀ ਰੱਖੇ ਗਏ ਹਨ।
(ਕਰਜ਼ਦਾਰ(ਾਂ)/ਕਾਨੂੰਨੀ ਵਾਰਸ (ਾਂ)/ਕਾਨੂੰਨੀ ਨੁਮਾਇੰਦਾ (ਦਿਆਂ) ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ(ਾਂ) ਛੁਡਾਉਣ ਲਈ ਸਮਾਂ ਉਪਲਬਧ ਹੈ।)

ਲੜੀ ਨੰ.	ਕਰਜ਼ਦਾਰ(ਾਂ)/ਕਾਨੂੰਨੀ ਵਾਰਸ(ਾਂ)/ਕਾਨੂੰਨੀ ਪ੍ਰਤੀਨਿਧੀ(ਾਂ) ਦਾ ਨਾਮ	ਕੁੱਲ ਬਕਾਇਆ ਰਕਮ	ਡਿਮਾਂਡ ਨੋਟਿਸ ਦੀ ਮਿਤੀ	ਸਕਿਓਰਡ ਐਸੇਟ(ਸ)/ਅਚੱਲ ਜਾਇਦਾਦ(ਾਂ) ਦੇ ਵੇਰਵੇ
(A)	(B)	(C)	(D)	(E)
1.	ਸ੍ਰੀਮਤੀ ਕਮਲਜੀਤ ਕੌਰ ਪਤਨੀ ਸ੍ਰੀ ਗੁਰਵਿੰਦਰ ਪਾਲ ਸਿੰਘ (ਕਰਜ਼ਦਾਰ) ਅਤੇ ਸ੍ਰੀ ਗੁਰਵਿੰਦਰ ਪਾਲ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ (ਸਹਿ ਕਰਜ਼ਦਾਰ) ਦੋਵੇਂ ਵਾਸੀ ਵਾਰਡ ਨੰ. 13, ਨੇੜੇ ਨਾਮ ਚਰਚਾ ਘਰ, ਪਟਿਆਲਾ ਰੋਡ, ਸੰਗਰੂਰ, ਪੰਜਾਬ 148001	Rs. 30,07,793/- DUE AS ON 30-Apr-2025*	23-May-2025	ਰਿਹਾਇਸ਼ੀ ਮਕਾਨ ਜਿਸ ਦਾ ਮਕਾਨ ਨੰ 130, ਪਹਿਲੀ ਮੰਜ਼ਿਲ, ਮਿਣਤੀ 0 ਕਨਾਲ1-1/4 ਮਰਲਾ ਜਾਂ ਕਹੋ 37.5 ਵ. ਗਜ਼ ਜਾਂ ਕਹੋ 31.35 ਵ. ਮੀ. ਕਵਰਡ ਰਕਬਾ 677.13 ਵਰਗ ਫੁੱਟ ਸਮੇਤ ਅੰਡਰਨੀਥ ਜ਼ਮੀਨ ਵਿਚ ਅਣਵੰਡਿਆ ਅਨੁਪਾਤਕ ਹਿੱਸਾ ਜੋ ਸ਼ਾਮਲ ਹੈ ਵਿਚ ਖੇਵਟ/ਖਤੌਨੀ ਨੰ. 228/242, ਖਸਰਾ ਨੰ. 5//7/1(7-5) ਵਿਚੋਂ ਜਿਹੜਾ ਕਿ 5/580ਵਾਂ ਹਿੱਸਾ ਭਾਵ 11/4 ਮਰਲਾ ਸਥਿਤ ਹੈ ਐਰੋ ਸਟੇਟ ਜੰਡਪੁਰ, ਹੱਦਬਸਤ ਨੰ. 28, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ ਵਿਖੇ ਮਲਕੀਅਤ ਕਮਲਜੀਤ ਕੌਰ ਪਤਨੀ ਗੁਰਵਿੰਦਰ ਪਾਲ ਸਿੰਘ ਅਤੇ ਗੁਰਵਿੰਦਰ ਪਾਲ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ ਦੀ ਸੇਲ ਡੀਡ ਨੰ 20300 ਮਿਤੀ 28.03.2023 ਨੂੰ
2.	ਸ੍ਰੀ ਹਰਦੀਪ ਪੁੱਤਰ ਸ੍ਰੀ ਜਗਜੀਤ ਸਿੰਘ (ਕਰਜ਼ਦਾਰ) ਅਤੇ ਸ੍ਰੀਮਤੀ ਬਲਜਿੰਦਰ ਕੌਰ ਪਤਨੀ ਸ੍ਰੀ ਹਰਦੀਪ (ਸਹਿ ਕਰਜ਼ਦਾਰ) ਦੋਵੇਂ ਵਾਸੀ ਮਕਾਨ ਨੰ. ਬੀ021-01948-93, ਸ਼ਿਵਾਲਿਕ ਹੋਮਜ਼, ਛੱਜੂਮਾਜਰਾ, ਖਰੜ, ਐਸ.ਏ.ਐਸ. ਨਗਰ 140301-ਭਾਰਤ	Rs. 18,02,671/-DUE AS ON 30-Apr-25*	23-May-2025	ਰਿਹਾਇਸ਼ੀ ਮਕਾਨ ਜਿਸ ਦਾ ਮਕਾਨ ਨੰ. ਬੀ-021/01948-93 ਮਿਣਤੀ 0 ਕਨਾਲ 3 1/3 ਮਰਲਾ ਜਾਂ ਕਹੋ 99.61 ਵ. ਗਜ਼ ਜਾਂ ਕਹੋ 83.28 ਵਰਗ ਮੀ. ਸਮੇਤ ਇਸ 'ਤੇ ਦੋਵੇਂ ਮੌਜੂਦਾ ਅਤੇ ਭਵਿੱਖੀ ਉਸਾਰੀ ਜੋ ਸ਼ਾਮਲ ਹੈ ਵਿਚ ਖੇਵਟ/ਖਾਤਾ ਨੰ. 289/352, ਖਸਰਾ ਨੰ. 16//13/2(3-11), 18/1(4-0), 18/2(4-0), 23(8-0) ਕਿੱਤੇ 4 ਕੁੱਲ ਰੁਕਬਾ 19 ਕਨਾਲ 11 ਮਰਲੇ ਵਿਚੋਂ ਜਿਹੜਾ ਕਿ ਆਇਆ ਹੈ 10/1173ਵਾਂ ਹਿੱਸਾ ਭਾਵ 0 ਕਨਾਲ 3 1/3 ਮਰਲਾ ਸਥਿਤ ਹੈ ਵਾਰਡ ਨੰ. 16, ਸੈਕਟਰ 127, ਛੱਜੂਮਾਜਰਾ ਹੱਦਬਸਤ ਨੰ. 33, ਐਮਸੀ ਹੱਦ ਖਰੜ ਜ਼ਿਲ੍ਹਾ ਮੋਹਾਲੀ ਦੇ ਨਾਲ ਮਲਕੀਅਤ ਬਲਜਿੰਦਰ ਕੌਰ ਪਤਨੀ ਹਰਦੀਪ ਸਿੰਘ ਅਤੇ ਹਰਦੀਪ ਸਿੰਘ ਪੁੱਤਰ ਜਗਜੀਤ ਸਿੰਘ ਦੀ ਸੇਲ ਡੀਡ ਨੰ 1188 ਮਿਤੀ 22.04.2019 ਨੂੰ, ਉਕਤ ਜਾਇਦਾਦ ਦੀਆਂ ਹੱਦਾਂ ਇਸ ਤਰ੍ਹਾਂ ; ਪੂਰਬ : ਹੋਰ ਦਾ ਮਕਾਨ ਸਾਈਡ 22', ਪੱਛਮ : ਰਸਤਾ 30' ਚੌੜਾ ਸਾਈਡ 22', ਉਤਰ : ਪਲਾਟ ਨੰ. ਬੀ-021/01948-92 ਰਜਿੰਦਰ ਕੌਰ ਸਾਈਡ 40'9", ਦੱਖਣ : ਰਣਜੀਤ ਸਿੰਘ ਅਤੇ ਹੋਰ ਦੀ ਜਾਇਦਾਦ ਸਾਈਡ 40'9"
3.	ਸ੍ਰੀ ਸਿਮਰਨ ਸਿੰਘ ਪਬੇਜਾ ਪੁੱਤਰ ਸਵ. ਹਰਜੀਤ ਸਿੰਘ (ਮ੍ਰਿਤਕ ਸਹਿ ਕਰਜ਼ਦਾਰ ਸ੍ਰੀ ਹਰਜੀਤ ਸਿੰਘ ਐਲਏਸੀ 560649051, 560810662 ਦੇ ਕਾਨੂੰਨੀ ਵਾਰਸ ਅਤੇ ਕਰਜ਼ਦਾਰ ਦੀ ਸਮਰੱਥਾ ਵਜੋਂ) ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸਵ. ਸ੍ਰੀ ਹਰਜੀਤ ਸਿੰਘ (ਐਲਏਸੀ 560649051, 560810662 ਵਿਚ ਮ੍ਰਿਤਕ ਸਹਿ ਕਰਜ਼ਦਾਰ ਸ੍ਰੀ ਹਰਜੀਤ ਸਿੰਘ ਦੇ ਕਾਨੂੰਨੀ ਵਾਰਸ ਅਤੇ 560649051, 560810662, 567991281, 608340138, 610267850, 610268002 ਵਿਚ ਸਹਿ ਕਰਜ਼ਦਾਰ ਦੀ ਸਮਰੱਥਾ ਵਜੋਂ) ਅਤੇ ਸ੍ਰੀ ਨਵਜੋਤ ਸਿੰਘ ਪਬੇਜਾ ਪੁੱਤਰ ਸਵ. ਸ੍ਰੀ ਹਰਜੀਤ ਸਿੰਘ (560810662 ਵਿਚ ਸਹਿ ਕਰਜ਼ਦਾਰ ਦੀ ਸਮਰੱਥਾ ਵਜੋਂ ਅਤੇ ਐਲਏਸੀ 560649051, 560810662, ਵਿਚ ਮ੍ਰਿਤਕ ਸਹਿ ਕਰਜ਼ਦਾਰ ਸ੍ਰੀ ਹਰਜੀਤ ਸਿੰਘ ਦੇ ਕਾਨੂੰਨੀ ਵਾਰਸ ਵਜੋਂ) ਸਾਰੇ ਵਾਸੀ ਮਕਾਨ ਨੰ 113, ਸ਼ਿਵਾਲਿਕ ਵਿਹਾਰ, ਫੇਜ਼-2, ਨਯਾਗਾਓਂ, ਐਸਏਐਸ ਨਗਰ-160103	Rs.81,68,165/-DUE AS ON 30-Apr-25*	23-May-2025	ਪਲਾਟ ਮਿਣਤੀ 2 ਕਨਾਲ ਜਾਂ ਕਹੋ 1000 ਵ. ਗਜ਼ ਾਂ ਕਹੋ 836.1 ਵ. ਮੀ. ਮਲਕੀਅਤ ਸਿਮਰਨ ਸਿੰਘ ਪਬੇਜਾ ਦੀ ਸੇਲ ਡੀਡ ਨੰ. 3022 ਮਿਤੀ 10.12.2002 ਤਹਿਤ ਅਤੇ ਟਰਾਂਸਫ਼ਰ ਡੀਡ ਨੰ. 4693 ਮਿਤੀ 11.12.2013 ਤਹਿਤ, ਜਾਇਦਾਦ ਦੇ ਵੇਰਵੇ ਹੇਠ ਲਿਖੇ ਅਨੁਸਾਰ : ਪਲਾਟ ਮਿਣਤੀ 2 ਕਨਾਲ ਜਾਂ ਕਹੋ 1000 ਵ. ਗਜ਼ ਜਾਂ ਕਹੋ 836.1 ਵਰਗ ਮੀ. ਜੋ ਸ਼ਾਮਲ ਹੈ ਵਿਚ ਖਸਰਾ ਨੰ. 1//21/3(2-18) ਭਾਵ 10 ਮਰਲਾ ਅਤੇ ਖੁਸਰਾ ਨੰ 1//18/2(3-9), 19(1-5), 22(8-3) ਭਾਵ 1 ਕਨਾਲ 10 ਮਰਲਾ ਹੱਦਬਸਤ ਨੰ. 353 ਸਥਿਤ ਹੈ ਖੁੱਡਾ ਅਲੀ ਸ਼ੇਰ ਯੂਟੀ ਚੰਡੀਗੜ੍ਹ ਵਿਖੇ ਮਲਕੀਅਤ ਭੁਪਿੰਦਰ ਕੌਰ ਪਤਨੀ ਹਰਜੀਤ ਸਿੰਘ ਅਤੇ ਸਿਮਰਨ ਸਿੰਘ ਪੁੱਤਰ ਹਰਜੀਤ ਸਿੰਘ ਪਬੇਜਾ ਦੀ ਸੇਲ ਡੀਡ ਨੰ. 3022 ਮਿਤੀ 10.12.2002 ਨੂੰ ਅਤੇ ਪਲਾਟ ਮਿਣਤੀ 1 ਕਨਾਲ ਜਾਂ ਕਹੋ 500 ਵ. ਗਜ਼ ਜਾਂ ਕਹੋ 418.05 ਵ. ਮੀ. ਜੋ ਸ਼ਾਮਲ ਹੈ ਵਿਚ ਖੇਵਟ ਨੰ. 164, ਖਤੌਨੀ ਨੰ. 204, ਖਸਰਾ ਨੰ 1//21/3(2-18) ਜਿਹੜਾ ਕਿ ਆਇਆ ਹੈ 5/58ਵਾਂ ਹਿੱਸਾ ਭਾਵ 5 ਮਰਲਾ ਅਤੇ ਖੇਵਟ ਨੰ. 298 ਖਤੌਨੀ ਨੰ. 344, 345, ਖਸਰਾ ਨੰ 1//18/2(3-9), 19(1-5), 22(8-3) ਜਿਹੜਾ ਕਿ ਆਇਆ ਹੈ 15/257ਵਾਂ ਹਿੱਸਾ ਭਾਵ 15 ਮਰਲਾ ਹੱਦਬਸਤ ਨੰ. 353, ਸਥਿਤ ਹੈ ਖੁੱਡਾ ਅਲੀ ਸ਼ੇਰ ਯੂਟੀ ਚੰਡੀਗੜ੍ਹ ਵਿਖੇ ਮਲਕੀਅਤ ਸਿਮਰਨ ਸਿੰਘ ਪੁੱਤਰ ਸਵ. ਹਰਜੀਤ ਸਿੰਘ ਪਬੇਜਾ ਦੀ ਟ੍ਰਾਂਸਫ਼ਰ ਡੀਡ ਨੰ. 4693 ਮਿਤੀ 11.12.2013 ਨੂੰ, ਇਸ ਲਈ ਸਿਮਰਨ ਸਿੰਘ ਪਬੇਜਾ ਜਾਇਦਾਦ ਮਿਣਤੀ 2 ਕਨਾਲ ਜਾਂ 1000 ਵ. ਗਜ਼ ਜਾਂ ਕਹੋ 836.1 ਵ ਮੀ. ਸਮੇਤ ਇਸ 'ਤੇ ਦੋਵੇਂ ਮੌਜੂਦਾ ਅਤੇ ਭਵਿੱਖੀ ਉਸਾਰੀ ਦਾ ਮਾਲਕ ਹੈ ਸੇਲ ਡੀਡ ਨੰ. 3022 ਮਿਤੀ 10.12.2022 ਅਤੇ ਟਰਾਂਸਫ਼ਰ ਡੀਡ ਨੰ. 4693 ਮਿਤੀ 11.12.2013 ਤਹਿਤ, ਜਾਇਦਾਦ ਦੀ ਪਛਾਣ ਮਕਾਨ ਨੰ. 113, ਸ਼ਿਵਾਲਿਕ ਵਿਹਾਰ-2, ਪਿੰਡ ਨਯਾਗਾਓਂ, ਐਸਏਐਸ ਨਗਰ 133301 ਵਜੋਂ ਵੀ ਕੀਤੀ ਜਾ ਸਕਦੀ ਹੈ।
4.	ਸ੍ਰੀ ਮੁਕੇਸ਼ ਕੁਮਾਰ ਸ਼ਰਮਾ ਪੁੱਤਰ ਸ੍ਰੀ ਸ਼ਕਤੀ ਚੰਦ (ਕਰਜ਼ਦਾਰ) ਅਤੇ ਸ੍ਰੀਮਤੀ ਸੋਨੀਆ ਸ਼ਰਮਾ ਪਤਨੀ ਸ੍ਰੀ ਮੁਕੇਸ਼ ਕੁਮਾਰ ਸ਼ਰਮਾ (ਸਹਿ ਕਰਜ਼ਦਾਰ) ਦੋਵੇਂ ਵਾਸੀ ਮਕਾਨ ਨੰ. 147, ਦਸ਼ਮੇਸ਼ ਕਾਲੋਨੀ, ਜ਼ੀਰਕਪੁਰ, ਐਸ.ਏ.ਐਸ. ਨਗਰ ਪੰਜਾਬ 140603 ਅਤੇ ਸ੍ਰੀ ਵਿਜੇ ਕੁਮਾਰ ਪੁੱਤਰ ਸ੍ਰੀ ਪ੍ਰਕਾਸ਼ ਚੰਦ #1618-ਬੀ ਓਸੀਐਫ਼ ਅਸਟੇਟ ਸੈਕਟਰ 29 ਬੀ, ਚੰਡੀਗੜ੍ਹ, ਸੈਕਟਰ 29 (ਚੰਡੀਗੜ੍ਹ) ਚੰਡੀਗੜ੍ਹ 160030, ਲੋਨ ਖਾਤਾ ਨੰ. : 646532726 ਵਿਚ ਗਰੰਟਰ	Rs.10,86,311/- /- DUE AS ON 30-Apr-25*	23-May-2025	ਰਿਹਾਇਸ਼ੀ ਫਲੈਟ 1-ਸੀ, ਦੂਜੀ ਮੰਜ਼ਿਲ, ਮਿਣਤੀ 0 ਕਨਾਲ 1 ਮਰਲਾ 1 ਸਰਸਾਈ ਜਾਂ ਕਹੋ 706 ਵ. ਫੁੱਟ (ਸੁਪਰ ਉਸਾਰਿਆ ਰਕਬਾ) ਜਾਂ ਕਹੋ 65.58 ਵ ਮੀ. ਸਮੇਤ ਅੰਡਰਨੀਥ ਜਮੀਨ ਵਿਚ ਅਣਵੰਡਿਆ ਅਨੁਪਾਤਕ ਹਿੱਸਾ ਜੋ ਸ਼ਾਮਲ ਹੈ ਵਿਚ ਖੇਵਟ ਨੰ. 487/733, ਖਸਰਾ ਨੰ. 16//25/2(1-6), 18//2/3(1-17), 3/2/3(4-14), 4/2(7-6), 3/1(0-16-4), 3/2/1 (0-16 ਮਰਲੇ-4 1/2 ਸਰਸਾਈ), 3/2/1(0 ਕਨਾਲ -16-1/2 ਮਰਲਾ) 3/2/2 (0 ਕਨਾਲ-16-1/2 ਮਰਲਾ), 4/1 (0-13-8) ਕਿੱਤੇ 9 ਕੁੱਲ ਰਕਬਾ 19 ਕਨਾਲ 2 ਮਰਲਾ 7 1/2 ਸਰਸਾਈ ਜਿਹੜਾ ਕਿ ਆਇਆ ਹੈ 10/3445-1/2 ਹਿੱਸਾ ਭਾਵ 0 ਕਨਾਲ 1 ਮਰਲਾ 1 ਸਰਸਾਈ ਸਥਿਤ ਹੈ ਅਰਮਾਨ ਅਪਾਰਟਮੈਂਟ ਦਸਮੇਸ਼ ਕਾਲੋਨੀ, ਲੋਹਗੜ੍ਹ, (ਐਮਸੀ ਜ਼ੀਰਕਪੁਰ) ਸਬ ਤਹਿਸੀਲ ਜ਼ੀਰਕਪੁਰ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ ਵਿਖੇ, ਹੱਦਬਸਤ ਨੰ. 46, ਪੰਜਾਬ ਵਿਖੇ ਮਲਕੀਅਤ ਮੁਕੇਸ਼ ਸ਼ਰਮਾ ਪੁੱਤਰ ਸ਼ਕਤੀ ਚੰਦ ਅਤੇ ਸੋਨੀਆ ਸ਼ਰਮਾ ਪਤਨੀ ਮੁਕੇਸ਼ ਸ਼ਰਮਾ ਦੀ ਸੇਲ ਡੀਡ ਨੰ. 10010 ਤਹਿਤ ਮਿਤੀ 26.12.2019 ਨੂੰ
5.	ਸ੍ਰੀ ਰਣਜੀਤ ਕੁਮਾਰ ਪੁੱਤਰ ਸ੍ਰੀ ਰਾਮ ਚੰਦ (ਕਰਜ਼ਦਾਰ) ਅਤੇ ਸ੍ਰੀ ਗੁਰਸੇਵ ਸਿੰਘ ਪੁੱਤਰ ਸ੍ਰੀ ਰਾਮ ਚੰਦ (ਸਹਿ ਕਰਜ਼ਦਾਰ) ਅਤੇ ਸ੍ਰੀ ਗੁਰਪਿਆਰ ਸਿੰਘ ਪੁੱਤਰ ਰਾਮ ਚੰਦ (ਸਹਿ ਕਰਜ਼ਦਾਰ) ਸਾਰੇ ਵਾਸੀ ਮਕਾਨ ਨੰ. 237, ਵਾਰਡ ਨੰ. 05, ਛਾਹੜ, ਦਿੜਬਾ ਸੰਗਰੂਰ, ਪੰਜਾਬ 148035	Rs.8,59,735/- DUE AS ON 30-Apr-25*	23-May-2025	ਰਿਹਾਇਸ਼ੀ ਜਾਇਦਾਦ ਮਿਣਤੀ 0 ਕਨਾਲ 6. 2/3 ਮਰਲੇ ਜਾਂ ਕਹੋ 200 ਵ. ਗਜ਼ ਜਾਂ ਕਹੋ 167.22 ਵ. ਮੀ. ਸਮੇਤ ਇਸ 'ਤੇ ਦੋਵੇਂ ਮੌਜੂਦਾ ਅਤੇ ਭਵਿੱਖੀ ਉਸਾਰੀ ਜੋ ਸ਼ਾਮਲ ਹੈ ਵਿਚ ਖਾਤਾ ਨੰ. 413/887, ਖਸਰਾ ਨੰ. 231//24/2/2/1 ਮਿਨ (0-6>6.00) ਸਥਿਤ ਹੈ ਦਿੜਬਾ ਵਿਖੇ, ਹੱਦਬਸਤ ਨੰ 120, ਜ਼ਿਲ੍ਹਾ ਸੰਗਰੂਰ ਵਿਖੇ ਮਕਲੀਅਤ ਗੁਰਸੇਵਕ ਸਿੰਘ ਅਤੇ ਗੁਰਪਿਆਰ ਸਿੰਘ ਪੁੱਤਰ ਰਾਮਚੰਦ ਦੀ ਟਰਾਂਸਫ਼ਰ ਡੀਡ ਨੰ. 807 ਮਿਤੀ 12.07.2016 (5/7ਵਾਂ ਹਿੱਸਾ) ਦੀ ਅਤੇ ਵਿਰਾਸਤ ਰਾਹੀਂ (2/7 ਹਿੱਸਾ), ਜਾਇਦਾਦ ਦੀਆਂ ਹੱਦਾਂ ਇਸ ਤਰ੍ਹਾਂ : ਪੂਰਬ : ਮੋਹਨ ਲਾਲ, ਪੱਛਮ : ਗਲੀ, ਦੱਖਣ : ਖਾਲੀ ਪਲਾਟ, ਉਤਰ : ਨਿਰਵੈਰ ਸਿੰਘ
6.	ਸ੍ਰੀ ਕਮਲ ਕਿਸ਼ੋਰ ਸੇਠ ਪੁੱਤਰ ਸ੍ਰੀ ਰਾਮ ਕਿਸ਼ੋਰ ਸੇਠ (ਮ੍ਰਿਤਕ ਸਹਿ ਕਰਜ਼ਦਾਰ ਸ੍ਰੀਮਤੀ ਅੰਜੂ ਸੇਠ ਦੇ ਕਾਨੂੰਨੀ ਵਾਰਸ ਅਤੇ ਕਰਜ਼ਦਾਰ ਦੀ ਸਮਰੱਥਾ ਵਜੋਂ) ਅਤੇ ਸ੍ਰੀਮਤੀ ਸ਼ਰੀਨ ਸੇਠ ਪੁੱਤਰੀ ਸ੍ਰੀ ਕਮਲ ਕਿਸ਼ੋਰ ਸੇਠ (ਮ੍ਰਿਤਕ ਸਹਿ ਕਰਜ਼ਦਾਰ ਸ੍ਰੀਮਤੀ ਅੰਜੂ ਸੇਠ ਦੇ ਕਾਨੂੰਨੀ ਵਾਰਸ ਅਤੇ ਕਰਜ਼ਦਾਰ ਦੀ ਸਮਰੱਥਾ ਵਜੋਂ) ਦੋਵੇਂ ਵਾਸੀ 2041 ਸੈਕਟਰ 70, ਮੋਹਾਲੀ, ਐਸਏਐਸ ਨਗਰ, ਪੰਜਾਬ 160062, ਮੈਟਲਸ਼ੇਪ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ (ਰਾਹੀਂ ਇਸ ਦੇ ਡਾਇਰੈਕਟਰਜ਼) ਪਲਾਟ ਨੰ. ਈ 143, ਇੰਡਸਟਰੀਅਲ ਫੋਕਲ ਪੁਆਇੰਟ, ਫੇਜ਼-7, ਐਸਏਐਸ ਨਗਰ, ਮੋਹਾਲੀ, ਪੰਜਾਬ 160062 (ਸਹਿ ਕਰਜ਼ਦਾਰ)	Rs.1,57,93,778/- DUE AS ON 30-Apr-25*	23-May-2025	ਇੰਡਸਟਰੀਅਲ ਪਲਾਟ ਨੰ. ਈ-143, ਮਿਣਤੀ 1000 ਵ. ਗਜ਼ ਸਮੇਤ ਇਸ 'ਤੇ ਦੋਵੇਂ ਮੌਜੂਦਾ ਅਤੇ ਭਵਿੱਖੀ ਉਸਾਰੀ ਸਥਿਤ ਹੈ ਇੰਡਸਟਰੀਅਲ ਫੋਕਲ ਪੁਆਇੰਟ, ਐਸਏਐਸ ਨਗਰ, ਮੋਹਾਲੀ, ਪੰਜਾਬ ਵਿਖੇ ਅਲਾਟ ਹੋਇਆ ਹੈ ਮੈਸ. ਮੈਟਲ ਸ਼ੇਪ ਇੰਡਸਟਰੀਜ਼ ਦੇ ਪੱਖ ਵਿਚ ਅਲਾਟਮੈਂਟ ਲੈਟਰ ਨੰ 11582 ਤਹਿਤ ਮਿਤੀ 02.02.1983 ਨੂੰ

* ਸਮੇਤ ਅਗਾਊਂ ਵਿਆਜ ਜਿਵੇਂ ਲਾਗੂ, ਆਕਸਮਿਕ ਖ਼ਰਚੇ, ਲਾਗਤਾਂ ਅਤੇ ਖਰਚੇ ਆਦਿ ਨਾਲ ਜੋ ਕਿ ਅਦਾਇਗੀ ਦੀ ਮਿਤੀ ਅਤੇ/ਜਾਂ ਵਸੂਲੀ ਤੱਕ ਕੀਤੇ ਹੋਣ।
ਜੇਕਰ ਦੱਸੇ ਗਏ ਕਰਜ਼ਦਾਰ ਐਚਡੀਐਫਸੀ ਨੂੰ ਬਕਾਇਆ ਅਦਾ ਕਰਨ ਵਿਚ ਨਾਕਾਮ ਰਹਿੰਦੇ ਹਨ ਤਾਂ ਐਚਡੀਐਫਸੀ ਉੱਪਰ ਲਿਖੇ ਸਕਿਓਰਡ ਐਸੇਟ/ਅਚੱਲ ਜਾਇਦਾਦ ਵਿਰੁੱਧ ਐਕਟ ਦੇ ਸੈਕਸ਼ਨ 13(4) ਅਤੇ ਲਗਦੇ ਰੂਲਾਂ ਹੇਠ ਕਾਰਵਾਈ ਕਰੇਗਾ ਜਿਸ ਦਾ ਕਿ ਖਰਚਾ ਅਤੇ ਨਤੀਜੇ ਪੂਰੀ ਤਰ੍ਹਾਂ ਦੱਸੇ ਗਏ ਕਰਜ਼ਦਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਦੇ ਜੋਖ਼ਮ 'ਤੇ ਹੋਵੇਗਾ।
ਦੱਸੇ ਗਏ ਕਰਜ਼ਦਾਰਾਂ/ਕਾਨੂੰਨੀ ਵਾਰਸਾਂ/ਕਾਨੂੰਨੀ ਪ੍ਰਤੀਨਿਧੀਆਂ ਨੂੰ ਐਕਟ ਦੇ ਹੇਠ ਉੱਪਰ ਲਿਖੇ ਅਸਾਸਿਆਂ ਨੂੰ ਐਚਡੀਐਫਸੀ ਦੀ ਲਿਖਤੀ ਮਨਜ਼ੂਰੀ ਤੋਂ ਬਿਨਾ ਤਬਦੀਲ ਕਰਨ ਤੋਂ ਰੋਕਿਆ ਜਾਂਦਾ ਹੈ, ਭਾਵੇਂ ਉਹ ਵਿਕਰੀ, ਕਿਰਾਏ 'ਤੇ ਦੇਣਾ ਹੋਵੇ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਹੋਵੇ। ਕੋਈ ਵੀ ਵਿਅਕਤੀ ਜੋ ਐਕਟ ਦੇ ਜਾਂ ਰੂਲਾਂ ਦੇ ਪ੍ਰੋਵੀਜ਼ਨਾਂ ਵਿਰੁੱਧ ਕਾਰਵਾਈ ਕਰਦਾ ਹੈ ਉਹ ਐਕਟ ਦੇ ਹੇਠ ਸਜ਼ਾ ਅਤੇ/ਜਾਂ ਜ਼ੁਰਮਾਨੇ ਭਰਨ ਦਾ ਜ਼ਿੰਮੇਵਾਰ ਹੋਵੇਗਾ।

ਸਥਾਨ : ਚੰਡੀਗੜ੍ਹ
ਮਿਤੀ : 31.05.2025
ਲਈ ਐਚਡੀਐਫਸੀ ਬੈਂਕ ਲਿਮ.
ਸਹੀ/-
ਅਧਿਕਾਰਤ ਅਫ਼ਸਰ

ਰਜਿ. ਦਫ਼ਤਰ : ਐਚਡੀਐਫਸੀ ਬੈਂਕ ਹਾਊਸ, ਸੇਨਾਪਤੀ ਬਾਪਤ ਮਾਰਗ, ਲੋਅਰ ਪਾਰੇਲ (ਵੈਸਟ) ਮੁੰਬਈ-400020